# TCMPLUS

10 YEARS' FAMOUS TRADITIONAL CHINESE MEDICINE CLINIC

Herbal and Acupuncture.
Treat your roots, Real Result "NO FAKE".

WE TREAT:

- ✓ Diabetes
- ✓ Low Energy
- ✓ Depression
- ✓ Anxiety
- ✓ Gout
- ✓ Disc Pain
- ✓ Prostatitis
- ✓ High Blood Pressure
- ✓ Cron's Disease
- ✓ Colitis
- ✓ Stress
- ✓ Acid Reflux
- ✓ Digestive
- ✓ Sleep Disorder



1st Month Discount

FREE CONSULTATION: 905-415-6999
30 Wertheim court, Unit 11, Richmond Hill

TOTAL HOME Windows & Doors
ਮੰਨ ਪਸੰਦ ਦੀਆਂ ਖਿੜਕੀਆਂ ਤੇ ਦਰਵਾਜੇ ਲਗਵਾਉ ਤੇ ਢੇਰ ਸਾਰੀ ਬਚਤ ਪਾਓ!

WINTER & SPRING SPECIAL SALE

- •WINDOWS
- •FIBERGLASS DOORS
- •STEEL DOORS
- •SLIDING PATIO DOORS

Guaranteed lowest Price up to 50% OFF

- Honest & fair prices
- Professional installation
- High quality products
- First class service

For 5 Stars Reviews Online & Testimonial visit:
https://thwindowsdoors.com/testimonials/



Phone: 416-661-6666 | Toll Free: 1-855-550-0610
7250 Keele street, Unit 167, Vaughan, ON. L4K 1Z8
Email: info@thwindowsdoors.com | Web: thwindowsdoors.com

jobs! jobs! jobs! jobs! jobs!

DUNDAS·JAFINE

# HELP WANTED
ਕਾਮਿਆਂ ਦੀ ਲੋੜ

ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Road – See Kamal 905-458-4733
80 West Drive – See Ravinder 905-450-7200

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com


ਮੂੰਹੋ ਬੋਲਦੀ Kitchen and Washroom ਬਣਵਾਓ

# Pearson
Kitchen & Cabinet

Free Estimate
We Specialize in granite, quartz & marble countertops

100% Satisfaction On Time





We Specialize In:

- Kitchen Cabinets, Pantries & Floor tiles
- All Types of Range Hoods (etc.Heavy Duty, Noiseless)
- Installation of Washroom Vanities, Showers and bathroom tiles
- Many Counter-top options to choose from (Granite, Marble, Quartz; etc.)
- Custom Office Counters & Bar Installation
- We install all kinds of tiles and hardwood floor

ਵਾਜਿਬ ਦਾਮ ਤੇ ਸਮੇਂ ਸਿਰ ਕੰਮ

Call Vikramjit Sangha: 416-200-0931

Special Discount for Contractors | Buy Direct From The Factory

271 - Glidden Rd. Unit#5, Brampton (Kennedy&Glidden)

Data everywhere.
No surprise charges anywhere.




chatr AUTHORIZED DEALER

379 Main St. North, Brampton, ON
905-451-0379

2456 Lake shore Blvd W., Etobicoke, ON

Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

## ਅੱਜ ਨਾਮਾ

ਧਿਰਾਂ ਵੱਖ, ਪਰ ਉਂਜ ਸੀ ਸਾਂਝ ਤਕੜੀ,
ਕਿਧਰੇ ਲੀਡਰ ਇਕੱਠੇ ਦੋ ਹੋਏ ਮਿੱਤਰ।
ਆਪਸ ਵਿੱਚ ਜਾਂ ਪੁੱਛ ਲਿਆ ਹਾਲ ਦੋਵਾਂ,
ਲੱਗੇ ਰੋਣ, ਬੱਸ ਹੰਝੂ ਨਹੀਂ ਚੋਏ ਮਿੱਤਰ।
ਦੋਵੇਂ ਆਖਦੇ, ਮਿਲੀ ਆ ਟਿਕਟ ਔਖੀ,
ਮੂਹਰੇ ਹੋਰ ਵੀ ਬੜੇ ਹਨ ਟੋਏ ਮਿੱਤਰ।
ਪਾਰਟੀ ਵਿੱਚੋਂ ਕਈ ਜੜ੍ਹੀਂ ਨੇ ਤੇਲ ਦੇਂਦੇ,
ਕਰਦੇ ਲੋਕ ਨੇ ਬਈ ਤੋਏ-ਤੋਏ ਮਿੱਤਰ।
ਦੋਵੇਂ ਕਹਿਣ ਜੀ ਪੀਹਣ ਕੁਝ ਪਿਆ ਗਿੱਲਾ,
ਰਿੜ੍ਹਦੀ ਗੱਡੀ ਨਹੀਂ ਜਾਪਦੀ ਖਾਸ ਮਿੱਤਰ।
ਪਿੱਛੇ ਹਟਣ ਲਈ ਸਮਾਂ ਬਈ ਰਿਹਾ ਨਾਹੀਂ,
ਪਾਰ ਲੱਗਣ ਦੀ ਕੋਈ ਨਹੀਂ ਆਸ ਮਿੱਤਰ।

ਤੀਸ ਮਾਰ ਖਾਂ

# ਅਮਰੀਕੀ ਰਾਸ਼ਟਰਪਤੀ ਚੋਣਾਂ ਦੇ ਪਿੜ ਵਿੱਚ ਕੁੱਦੇ ਬਿਡੇਨ



ਵਾਸ਼ਿੰਗਟਨ, 25 ਅਪਰੈਲ (ਪੋਸਟ ਬਿਊਰੋ) : ਅਮਰੀਕਾ ਦੇ ਸਾਬਕਾ ਉੱਪ ਰਾਸ਼ਟਰਪਤੀ ਜੋਈ ਬਿਡੇਨ ਵੀ ਆਖਿਰਕਾਰ ਡੈਮੋਕ੍ਰੈਟਿਕ ਪਾਰਟੀ ਦੇ ਉਮੀਦਵਾਰ ਵਜੋਂ ਰਾਸ਼ਟਰਪਤੀ ਦੌੜ ਵਿੱਚ ਕੁੱਦ ਪਏ। ਇਸ ਸਬੰਧ ਵਿੱਚ ਵੀਰਵਾਰ ਨੂੰ ਐਲਾਨ ਕਰਦਿਆਂ ਬਿਡੇਨ ਨੇ ਆਖਿਆ ਕਿ ਜੇ ਇੱਕ ਵਾਰੀ ਮੁੜ ਡੌਨਲਡ ਟਰੰਪ ਜਿੱਤ ਗਏ ਤਾਂ ਦੇਸ਼ ਦੀ ਆਤਮਾ ਦਾਅ ਉੱਤੇ ਲੱਗ ਜਾਵੇਗੀ।

ਟਵਿੱਟਰ ਉੱਤੇ ਕੀਤੀ ਗਈ ਇੱਕ ਪੋਸਟ ਵਿੱਚ ਬਿਡੇਨ ਨੇ ਆਖਿਆ ਕਿ ਉਨ੍ਹਾਂ ਨੂੰ 2017 ਵਿੱਚ ਸੁਪਰੀਮੇਸਿਸਟਜ਼ ਤੇ ਉਨ੍ਹਾਂ ਦਾ ਵਿਰੋਧ ਕਰਨ ਵਾਲਿਆਂ ਦਰਮਿਆਨ ਸ਼ਾਰਲੌਟਸਵਿੱਲੇ, ਵਰਜੀਨੀਆ ਵਿੱਚ ਹੋਈ ਉਹ ਝੜਪ ਯਾਦ ਹੈ, ਜਿਸ ਵਿੱਚ ਇੱਕ ਔਰਤ ਦੀ ਮੌਤ ਹੋ ਗਈ ਸੀ। ਉਸ ਸਮੇਂ ਟਰੰਪ ਨੇ ਇਹ ਬਿਆਨ ਦਿੱਤਾ ਸੀ ਕਿ ਦੋਵਾਂ ਧਿਰਾਂ ਵਿਚਾਲੇ ਕੁੱਝ ਚੰਗੇ ਲੋਕ ਵੀ ਸਨ। ਬਿਡੇਨ ਨੇ ਆਖਿਆ ਕਿ ਇਹ ਗੱਲ ਆਖ ਕੇ ਅਮਰੀਕਾ ਦੇ ਮੌਜੂਦਾ ਰਾਸ਼ਟਰਪਤੀ ਨੇ ਨਫਰਤ ਫੈਲਾਉਣ ਵਾਲਿਆਂ ਤੇ ਉਸ ਦਾ ਵਿਰੋਧ ਕਰਨ ਵਾਲਿਆਂ ਨੂੰ ਇੱਕ ਬਰਾਬਰ ਦੱਸਿਆ ਸੀ। ਬਿਡੇਨ ਨੇ ਅੱਗੇ ਆਖਿਆ ਕਿ ਉਸ ਸਮੇਂ ਹੀ ਇਹ ਪਤਾ ਲੱਗ ਗਿਆ ਸੀ ਕਿ ਦੇਸ਼ ਨੂੰ ਵੱਡਾ ਖਤਰਾ ਖੜ੍ਹਾ ਹੋ ਗਿਆ ਹੈ।

ਅਸੀਂ ਦੇਸ਼ ਦੀ ਆਤਮਾ ਨੂੰ ਬਚਾਉਣ ਦੀ ਲੜਾਈ ਲੜ ਰਹੇ ਹਾਂ। ਜੇ ਅਸੀਂ ਟਰੰਪ ਨੂੰ ਵਾਈਟ ਹਾਊਸ ਵਿੱਚ ਅੱਠ ਸਾਲ ਲਈ ਬੈਠਾ ਰਹਿਣ ਦੇਵਾਂਗੇ ਤਾਂ ਉਹ ਦੇਸ਼ ਦੇ ਕਿਰਦਾਰ ਨੂੰ ਹੀ ਹਮੇਸ਼ਾਂ ਲਈ ਬਦਲ ਦੇਵੇਗਾ। ਬਿਡੇਨ ਨੇ ਇਹ ਵੀ ਆਖਿਆ ਕਿ ਉਹ ਹੱਥ ਉੱਤੇ ਹੱਥ ਰੱਖ ਕੇ ਇਹ ਸੱਭ ਕੁੱਝ ਵਾਪਰਦਾ ਨਹੀਂ ਵੇਖ ਸਕਦੇ। 76 ਸਾਲਾ ਬਿਡੇਨ ਇਹ ਐਲਾਨ ਕਰਨ ਸਾਰ ਹੀ ਵਰਮੌਂਟ ਦੇ ਸੈਨੇਟਰ ਬਰਨੀ ਸੈਂਡਰਜ਼ ਨਾਲ ਮੂਹਰਲੀ ਕਤਾਰ ਵਿੱਚ ਆਣ ਖੜ੍ਹੇ ਹੋਏ ਹਨ। ਸੈਂਡਰਜ਼ ਕਈ ਪੋਲਜ਼ ਵਿੱਚ ਅੱਗੇ ਚੱਲ ਰਹੇ ਹਨ ਤੇ ਉਹ ਇੱਕ ਸਫਲ ਫੰਡਰੇਜ਼ਰ ਵੀ ਸਿੱਧ ਹੋ ਚੁੱਕੇ ਹਨ। ਡੈਮੋਕ੍ਰੈਟਸ ਵਿੱਚੋਂ ਬਿਡੇਨ ਵਰਗਾ ਕੌਮਾਂਤਰੀ ਤੇ ਵਿਧਾਨਿਕ ਤਜ਼ਰਬਾ ਹੋਰ ਕਿਸੇ ਕੋਲ ਨਹੀਂ ਹੈ ਤੇ ਉਹ ਅਮਰੀਕੀ ਸਿਆਸਤ ਦਾ ਜਾਣਿਆ ਪਛਾਣਿਆ ਚਿਹਰਾ ਹਨ।

## ਵੋਬਰਨ ਵਿੱਚ ਵਾਪਰੀ ਛੁਰੇਬਾਜ਼ੀ ਦੀ ਘਟਨਾ ਵਿੱਚ ਦੋ ਜ਼ਖ਼ਮੀ

ਸਕਾਰਬੌਰੋ, 25 ਅਪਰੈਲ (ਪੋਸਟ ਬਿਊਰੋ) : ਬੁੱਧਵਾਰ ਰਾਤ ਨੂੰ ਸਕਾਰਬੌਰੋ ਦੇ ਵੋਬਰਨ ਏਰੀਆ ਵਿੱਚ ਛੁਰੇਬਾਜ਼ੀ ਦੀ ਵਾਪਰੀ ਦੂਹਰੀ ਘਟਨਾ ਤੋਂ ਬਾਅਦ ਦੋ ਵਿਅਕਤੀਆਂ ਨੂੰ ਗੰਭੀਰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ।

ਇਹ ਘਟਨਾ ਮਾਰਖਮ ਰੋਡ ਦੇ ਨੇੜੇ ਕਨਫੈਡਰੇਸ਼ਨ ਡਰਾਈਵ ਉੱਤੇ ਰਾਤੀਂ 11:30 ਵਜੇ ਵਾਪਰੀ। ਪੁਲਿਸ ਨੂੰ ਮਿਲੀ ਜਾਣਕਾਰੀ ਅਨੁਸਾਰ ਇੱਕ ਇਮਾਰਤ ਦੇ ਸਾਹ-ਮਣੇ ਇੱਕ ਵਿਅਕਤੀ ਨੂੰ ਛੁਰਾ ਮਾਰ ਦਿੱਤਾ ਗਿਆ। ਪੁਲਿਸ ਫੌਰਨ ਮੌਕੇ ਉੱਤੇ ਪਹੁੰਚੀ। ਇੱਕ ਜ਼ਖ਼ਮੀ ਵਿਅਕਤੀ ਨੂੰ ਤੁਰੰਤ ਪੈਰਾਮੈਡਿਕਸ ਵੱਲੋਂ ਹਸਪਤਾਲ ਲਿਜਾਇਆ ਗਿਆ।

ਥੋੜ੍ਹੀ ਦੇਰ ਬਾਅਦ ਹੀ ਪੁਲਿਸ ਨੂੰ ਇੱਕ ਹੋਰ ਜ਼ਖ਼ਮੀ ਵਿਅਕਤੀ ਮਿਲ ਗਿਆ। ਟੋਰਾਂਟੋ ਪੈਰਾਮੈਡਿਕਸ ਸਰਵਿਸਿਜ਼ ਨੇ ਦੱਸਿਆ ਕਿ ਦੋਵਾਂ ਵਿਅਕਤੀਆਂ ਦੀ ਹਾਲਤ ਗੰਭੀਰ ਹੈ। ਪੁਲਿਸ ਵੱਲੋਂ ਦੋਵਾਂ ਵਿਅਕਤੀਆਂ ਦੀ ਉਮਰ ਦਾ ਖੁਲਾਸਾ ਨਹੀਂ ਕੀਤਾ ਗਿਆ। ਨਾ ਤਾਂ ਅਜੇ ਤੱਕ ਮਸ਼ਕੂਕਾਂ ਬਾਰੇ ਹੀ ਕੋਈ ਜਾਣਕਾਰੀ ਮਿਲੀ ਹੈ ਤੇ ਨਾ ਹੀ ਹੁਣ ਤੱਕ ਕਿਸੇ ਉੱਤੇ ਕੋਈ ਚਾਰਜ ਲੱਗੇ ਹਨ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by up to 50%
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

## ਪੇਸ਼ਾਵਰ ਵਿੱਚ ਪੋਲੀਓ ਟੀਮ ਉੱਤੇ ਹਮਲੇ ਵਿਚ ਪੁਲਿਸ ਅਫਸਰ ਦੀ ਮੌਤ

### ਕੋਇਟਾ ਵਿੱਚ ਮਹਿਲਾ ਪੋਲੀਓ ਮੁਲਾਜ਼ਮ ਦਾ ਕਤਲ



ਪੇਸ਼ਾਵਰ, 25 ਅਪ੍ਰੈਲ (ਪੋਸਟ ਬਿਊਰੋ)- ਉੱਤਰ-ਪੱਛਮੀ ਪਾਕਿਸਤਾਨ ਦੇ ਖੈਬਰ ਪਖ਼ਨੂਖਵਾ ਸੂਬੇ ਵਿੱਚ ਅੱਜ ਬੁੱਧਵਾਰ ਨੂੰ ਪੋਲੀਓ ਟੀਮ ਉੱਤੇ ਕੁਝ ਬੰਦੂਕਧਾਰੀਆਂ ਨੇ ਹਮਲਾ ਕਰ ਦਿੱਤਾ ਤਾਂ ਇਕ ਪੁਲਿਸ ਗਾਰਡ ਦੀ ਮੌਤ ਹੋ ਗਈ। ਬਨੇਰ ਜ਼ਿਲ੍ਹੇ ਵਿੱਚ ਪੋਲੀਓ ਮੁਹਿੰਮ ਨਾਲ ਜੁੜੇ ਮੁਲਾਜ਼ਮਾਂ ਦੀ ਸੁਰੱਖਿਆ ਲਈ ਪੁਲਿਸ ਅਫਸਰ ਜ਼ਫਰ ਅਲੀ ਜਾਨ ਤਾਇਨਾਤ ਸੀ। ਇਸੇ ਦੌਰਾਨ ਬੰਦੂਕਧਾਰੀਆਂ ਨੇ ਹਮਲਾ ਕਰ ਦਿੱਤਾ। ਪੋਲੀਓ ਮੁਹਿੰਮ ਦੀ ਟੀਮ ਦੇ ਬਾਕੀ ਮੈਂਬਰ ਦੂਰ ਸਨ। ਇਸ ਲਈ ਉਹ ਬਚ ਗਏ। ਵਰਨਣ ਯੋਗ ਹੈ ਕਿ ਮੰਗਲਵਾਰ ਨੂੰ ਬੰਨੂ ਜ਼ਿਲ੍ਹੇ ਵਿੱਚ ਪੋਲੀਓ ਮੁਲਾਜ਼ਮਾਂ ਦੀ ਰਾਖੀ ਵਾਲੇ ਇਕ ਹੋਰ ਪੁਲਿਸ ਅਫਸਰ ਦੀ ਹੱਤਿਆ ਹੋ ਗਈ ਸੀ। ਖੈਬਰ ਪਖ਼ਤੂਨਖਵਾ ਦੇ ਮੁੱਖ ਮੰਤਰੀ ਮਹਿਮੂਦ ਖ਼ਾਨ ਨੇ ਇਸ ਬਾਰੇ ਆਪਣੇ ਰਾਜ ਦੇ ਆਈ ਜੀ ਪੁਲਸ ਤੋਂ ਰਿਪੋਰਟ ਮੰਗੀ ਹੈ। ਅਫ਼ਗਾਨਿਸਤਾਨ ਅਤੇ ਨਾਈਜੀਰੀਆ ਨਾਲ ਪਾਕਿਸਤਾਨ ਉਨ੍ਹਾਂ ਦੇਸ਼ਾਂ ਵਿੱਚ ਸ਼ਾਮਿਲ ਹੈ, ਜਿੱਥੇ ਪੋਲੀਓ ਹਾਲੇ ਵੀ ਹੈ। ਇਸ ਦੀ ਟੀਕਾਕਰਨ ਮੁਹਿੰਮ ਨੂੰ ਅੱਤਵਾਦੀ ਨਹੀਂ ਚੱਲਣ ਦੇ ਰਹੇ। ਇਸ ਦੌਰਾਨ ਕੋਇਟਾ ਵਿੱਚ ਪੋਲੀਓ ਟੀਕਾਕਰਨ ਦੇ ਕੰਮ ਵਿੱਚ ਲੱਗੀ ਇਕ ਟੀਮ ਉੱਤੇ ਅੱਜ ਵੀਰਵਾਰ ਨੂੰ ਕੁਝ ਅਣਪਛਾਤੇ ਬੰਦੂਕਧਾਰੀਆਂ ਨੇ ਹਮਲਾ ਕਰ ਦਿੱਤਾ ਤਾਂ ਇਕ ਮਹਿਲਾ ਮੁਲਾਜ਼ਮ ਦੀ ਮੌਤ ਹੋ ਗਈ। ਪੋਲੀਓ ਦੇ ਖ਼ਾਤਮੇ ਦੇ ਕੰਮ ਵਿੱਚ ਲੱਗੀ 20 ਸਾਲ ਦੀ ਰਸ਼ੀਦਾ ਬੀਬੀ ਅਫ਼ਗਾਨਿਸਤਾਨ ਸਰਹੱਦ ਨੇੜੇ ਚਮਨ ਜ਼ਿਲ੍ਹੇ ਵਿੱਚ ਡਿਊਟੀ ਦੌਰਾਨ ਮੋਟਰ ਾਈਕਲ ਸਵਾਰ ਦੋ ਹਮਲਾਵਰਾਂ ਦੀਆਂ ਗੋਲ਼ੀਆਂ ਦਾ ਸ਼ਿਕਾਰ ਹੋਈ। ਹਮਲੇ ਵਿੱਚ ਇਕ ਹੋਰ ਮੁਲਾਜ਼ਮ ਜ਼ਖ਼ਮੀ ਹੋ ਗਿਆ। ਇਸ ਤੋਂ ਇਲਾਵਾ ਲਾਹੌਰ ਵਿੱਚ ਵੀ ਇਕ ਪੋਲੀਓ ਮੁਲਾਜ਼ਮ ਦੀ ਚਾਕੂ ਮਾਰ ਕੇ ਹੱਤਿਆ ਕਰ ਦਿੱਤੀ ਗਈ ਹੈ। ਪਾਕਿਸਤਾਨ ਵਿੱਚ ਪੋਲੀਓ ਦੇ ਖ਼ਾਤਮੇ ਬਾਰੇ ਸ਼ੁਰੂ ਕੀਤੀ ਦੇਸ਼ ਪੱਧਰੀ ਮੁਹਿੰਮ ਦੌਰਾਨ ਲੋਕਾਂ 'ਚ ਕਈ ਭਰਮ ਫੈਲਾਏ ਜਾ ਰਹੇ ਹਨ। ਬੀਤੇ ਸੋਮਵਾਰ ਪਿਸ਼ਾਵਰ 'ਚ ਇਕ ਮਸਜਿਦ ਦੇ ਲਾਊਡ ਸਪੀਕਰ ਤੋਂ ਐਲਾਨ ਕੀਤਾ ਗਿਆ ਕਿ ਲੋਕ ਆਪਣੇ ਬੱਚਿਆਂ ਨੂੰ ਪੋਲੀਓ ਦੀ ਖ਼ੁਰਾਕ ਨਾ ਪਿਆਉਣ।

# ਅਮਰੀਕਾ ਵਿੱਚ ਮਨੁੱਖੀ ਤਸਕਰੀ ਦੇ ਦੋਸ਼ਾਂ ਵਿੱਚ ਪੰਜਾਬੀ ਨੂੰ ਪੰਜ ਸਾਲ ਦੀ ਸਜ਼ਾ

ਵਾਸ਼ਿੰਗਟਨ, 25 ਅਪ੍ਰੈਲ (ਪੋਸਟ ਬਿਊਰੋ)- ਅਮਰੀਕਾ ਵਿੱਚ ਵਿਦੇਸ਼ੀ ਨਾਗਰਿਕਾਂ ਦੀ ਤਸਕਰੀ ਕਰਨ ਦੇ ਮਾਮਲੇ ਵਿੱਚ ਅਦਾਲਤ ਨੇ ਇਕ ਪੰਜਾਬੀ ਨੂੰ ਪੰਜ ਸਾਲ ਦੀ ਸਜ਼ਾ ਸੁਣਾਈ ਹੈ। ਦੋਸ਼ੀ ਪੰਜਾਬੀ ਨਾਗਰਿਕ ਨੇ ਕਰੀਬ 400 ਵਿਦੇਸ਼ੀ ਲੋਕਾਂ ਨੂੰ ਗੈਰ ਕਾਨੂੰਨੀ ਢੰਗ ਨਾਲ ਅਮਰੀਕਾ ਲਿਆਉਣ 'ਚ ਮਦਦ ਕੀਤੀ ਸੀ। ਇਨ੍ਹਾਂ ਵਿੱਚ ਕੁਝ ਭਾਰਤੀ ਵੀ ਸਨ।

ਨਿਆਂ ਵਿਭਾਗ ਨੇ ਇਸ ਬਾਰੇ ਬਿਆਨ ਜਾਰੀ ਕਰ ਕੇ ਦੱਸਿਆ ਕਿ 61 ਸਾਲਾ ਯਾਦਵਿੰਦਰ ਸਿੰਘ ਸੰਧੂ ਨੇ ਇਸੇ ਸਾਲ ਆਪਣਾ ਦੋਸ਼ ਮੰਨ ਕੇ ਕਿਹਾ ਕਿ ਉਸ ਨੇ 2013 ਤੋਂ 2015 ਵਿਚਾਲੇ ਕਰੀਬ 400 ਵਿਦੇਸ਼ੀਆਂ ਨੂੰ ਗੈਰ ਕਾਨੂੰਨੀ ਤਰੀਕੇ ਨਾਲ ਅਮਰੀਕਾ ਲਿਆਉਣ 'ਚ ਮਦਦ ਕੀਤੀ ਸੀ। ਉਸ ਨੇ ਦੱਸਿਆ ਕਿ ਮਨੁੱਖੀ ਤਸਕਰੀ ਦੌਰਾਨ ਇਕ ਵਿਅਕਤੀ ਦੀ ਮੌਤ ਹੋ ਗਈ ਤੇ ਕਈ ਲੋਕਾਂ ਦਾ ਜਾਨ ਖਤਰੇ 'ਚ ਪੈ ਗਈ ਸੀ। ਹੈਰਾਨੀ ਵਾਲੀ ਗੱਲ ਹੈ ਕਿ ਯਾਦਵਿੰਦਰ ਸਿੰਘ ਸੰਧੂ ਕਈ ਨਾਵਾਂ ਨਾਲ ਜਾਣਿਆ ਜਾਂਦਾ ਸੀ। ਆਪਣੇ ਗੈਰ ਕਾਨੂੰਨੀ ਕੰਮਾਂ ਲਈ ਉਹ ਖੁਦ ਨੂੰ ਯਾਦਵਿੰਦਰ ਸਿੰਘ ਭਾਂਬਾ, ਭੁਪਿੰਦਰ ਕੁਮਾਰ, ਰਾਜਿੰਦਰ ਸਿੰਘ, ਰਾਬਰਟ ਹਾਵਰਡ ਸਕਾਟ ਤੇ ਐਟਕਿਨਸ ਲਾਸਨ ਹਾਵਰਡ ਵਰਗੇ ਨਾਵਾਂ ਨਾਲ ਪੇਸ਼ ਕਰਦਾ ਸੀ। ਨਿਆਂ ਵਿਭਾਗ ਨੇ ਖੁਲਾਸਾ ਕੀਤਾ ਕਿ ਕਈ ਲੋਕਾਂ ਨੇ ਯਾਦਵਿੰਦਰ ਸਿੰਘ ਸੰਧੂ ਨੂੰ ਭਾਰਤ ਤੋਂ ਅਮਰੀਕਾ ਲਿਜਾਉਣ ਲਈ 30,000 ਤੋਂ 85000 ਡਾਲਰ ਤੱਕ ਦਾ ਭੁਗਤਾਨ ਕੀਤਾ ਸੀ। ਫੈਡਰਲ ਇਸਤਗਾਸਾ ਪੱਖ ਨੇ ਦੋਸ਼ ਲਗਾਇਆ ਕਿ 2013 ਤੋਂ 2016 ਤੱਕ ਮਨੁੱਖੀ ਤਸਕਰੀ ਤੋਂ ਹੋ ਰਹੀ ਕਮਾਈ ਹੀ ਦੋਸ਼ੀ ਦੀ ਕਮਾਈ ਦਾ ਮੁੱਖ ਸਰੋਤ ਸੀ।

## ਅਫਰੀਕਾ ਵਿੱਚ ਵੱਸ ਸਕਦੇ ਹਨ ਪ੍ਰਿੰਸ ਹੈਰੀ ਅਤੇ ਮੇਗਨ ਮਾਰਕਲ

ਨਵੀਂ ਦਿੱਲੀ, 25 ਅਪ੍ਰੈਲ (ਪੋਸਟ ਬਿਊਰੋ)- ਸ਼ਾਹੀ ਸੂਤਰਾਂ ਮੁਤਾਬਕ ਪ੍ਰਿੰਸ ਹੈਰੀ ਅਤੇ ਮੇਗਨ ਮਾਰਕਲ ਆਪਣੇ ਬੱਚੇ ਦੇ ਜਨਮ ਦੇ ਬਾਅਦ ਅਫਰੀਕਾ ਵਿੱਚ ਵੱਸ ਸਕਦੇ ਹਨ। ਕੇਨਸਿੰਗਟਨ ਪੈਲੇਸ ਤੋਂ ਹਟਾ ਕੇ ਫ੍ਰਾਗਮੋਰ ਕਾਟੇਜ 'ਚ ਰੱਖਣਾ ਉਨ੍ਹਾਂ ਨੂੰ ਲਾਈਮਲਾਈਟ ਤੋਂ ਦੂਰ ਕਰਨ ਦੀ ਕੋਸ਼ਿਸ਼ ਹੈ। ਮੇਗਨ ਨੂੰ ਪ੍ਰਿੰਸੇਜ ਡਾਇਨਾ ਤੋਂ ਵੀ ਵੱਧ ਪ੍ਰਸਿੱਧੀ ਮਿਲ ਰਹੀ ਹੈ, ਜਿਸ ਨੂੰ ਦੇਖਦੇ ਹੋਏ ਸ਼ਾਹੀ ਪਰਵਾਰ ਨੂੰ ਉਨ੍ਹਾਂ ਨੂੰ ਲਾਈਮਲਾਈਟ ਤੋਂ ਦੂਰ ਰੱਖਣ ਦੀ ਕੋਸ਼ਿਸ਼ ਕਰ ਰਿਹਾ ਹੈ।

ਸੂਤਰਾਂ ਮੁਤਾਬਕ ਸ਼ਾਹੀ ਪਰਵਾਰ ਨੂੰ ਡਰ ਹੈ ਕਿ ਦੋਵੇਂ ਇੱਕ ਵੱਖਰੀ ਇੰਟਰਪ੍ਰਾਈਜ਼ ਬਣਾ ਬੈਠਣਗੇ, ਜੋ ਕਿਸੇ ਦੇ ਕੰਟਰੋਲ 'ਚ ਨਹੀਂ ਹੋਵੇਗੀ। ਇਸ ਲਈ ਉਨ੍ਹਾਂ ਨੂੰ ਬਾਹਰ ਭੇਜਣ ਦੀ ਗੱਲ ਹੋ ਰਹੀ ਹੈ। ਪਹਿਲਾਂ ਹੈਰੀ ਤੇ ਮੇਗਨ ਨੂੰ ਕੈਨੇਡਾ ਜਾਂ ਆਸਟਰੇਲੀਆ ਭੇਜਣ ਦੇ ਸੰਬੰਧ ਵਿੱਚ ਚਰਚਾ ਹੋਈ ਸੀ, ਪਰ ਬਾਅਦ ਵਿੱਚ ਕੈਨੇਡਾ ਭੇਜਣ ਦੇ ਵਿਚਾਰ ਨੂੰ ਇਸ ਲਈ ਖਾਰਿਜ ਕਰ ਦਿੱਤਾ ਗਿਆ ਕਿਉਂਕਿ ਮੇਗਨ ਸੱਤ ਸਾਲ ਉਥੇ ਰਹਿ ਚੁੱਕੀ ਹੈ ਅਤੇ ਅਮਰੀਕਾ ਨੇੜੇ ਹੋਣ ਕਾਰਨ ਉਹ ਇਥੇ ਚਰਚਾ 'ਚ ਬਣੀ ਰਹੇਗੀ। ਉਥੇ, ਆਸਟਰੇਲੀਆ 'ਚ ਉਨ੍ਹਾਂ ਨੂੰ ਭੇਜਣ 'ਤੇ ਉਨ੍ਹਾਂ ਦੇ ਇੱਕ ਵੱਖਰੇ ਦੇਸ਼ ਦੇ ਰਾਜਾ ਅਤੇ ਰਾਣੀ ਦੇ ਰੂਪ ਵਿੱਚ ਸਥਾਪਤ ਹੋਣ ਦੀ ਵੀ ਸ਼ੰਕਾ ਬਣੇਗੀ। ਸੋਸ਼ਲ ਮੀਡੀਆ 'ਤੇ ਇਸ ਮਸਲੇ ਸੰਬੰਧੀ ਲੋਕਾਂ ਨੇ ਵੱਖਰੀਆਂ-ਵੱਖਰੀਆਂ ਪ੍ਰਤੀਕਿਰਿਆਵਾਂ ਦਿੱਤੀਆਂ ਹਨ। ਕੁਝ ਨੇ ਜੋੜੇ ਦੀ ਨਿੱਜਤਾ ਨੂੰ ਜ਼ਰੂਰੀ ਦੱਸਿਆ ਹੈ ਤਾਂ ਕੁਝ ਨੇ ਫੈਸਲੇ ਦਾ ਵਿਰੋਧ ਕੀਤਾ ਹੈ।

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

ukttc
UK TRUCK TRAINING CENTRE
PCC #179958
Registered as a Private Careers College
Forklift $79 Recertification
Automatic & Manual Trucks
○1:1 Training
Forklift Training
Reach Truck
Counterbalance
Air Brake Classes
Sat-Sun 8am to 4pm
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2

## ਜ਼ਮੀਨ ਖਿਸਕਣ ਦੀ ਲਪੇਟ ਵਿੱਚ ਆਈ ਮੈਟਾਡੋਰ ਨਾਲ ਪੰਜ ਮੌਤਾਂ

ਕਿਸ਼ਤਵਾੜ, 25 ਅਪ੍ਰੈਲ (ਪੋਸਟ ਬਿਊਰੋ)- ਜ਼ਿਲਾ ਡੋਡਾ ਦੇ ਠਾਠਰੀ-ਗੰਦੋਹ ਮਾਰਗ 'ਤੇ ਕੱਲ੍ਹ ਤੂਫਾਨੀ ਬਾਰਸ਼ ਦੇ ਵਿਚਾਲੇ ਇਕ ਮੈਟਾਡੋਰ ਦੇ ਜ਼ਮੀਨ ਖਿਸਕਣ ਨਾਲ ਆਈਆਂ ਭਾਰੀਆਂ ਚੱਟਾਨਾਂ ਦੀ ਲਪੇਟ ਵਿੱਚ ਆਉਣ ਕਾਰਨ ਉਸ ਵਿੱਚ ਸਵਾਰ ਪੰਜ ਵਿਅਕਤੀਆਂ ਦੀ ਮੌਕੇ 'ਤੇ ਮੌਤ ਹੋ ਗਈ, ਜਦ ਕਿ ਛੇ ਜ਼ਖਮੀ ਹੋ ਗਏ, ਜਿਨ੍ਹਾਂ ਦਾ ਠਾਠਰੀ ਦੇ ਸਰਕਾਰੀ ਪ੍ਰਾਇਮਰੀ ਹੈਲਥ ਸੈਂਟਰ ਵਿੱਚ ਇਲਾਜ ਕੀਤਾ ਜਾ ਰਿਹਾ ਹੈ।

ਮਿਲੀ ਜਾਣਕਾਰੀ ਅਨੁਸਾਰ ਠਾਠਰੀ ਤੋਂ ਕਾਹਰਾ ਗੰਦੋਹ ਜਾ ਰਹੀ ਮੈਟਾਡੋਰ ਜਦੋਂ ਪਿਯਾਕਲ ਖੇਤਰ ਤੋਂ ਲੰਘ ਰਹੀ ਸੀ ਤਾਂ ਅਚਾਨਕ ਜ਼ਮੀਨ ਖਿਸਕਣ ਨਾਲ ਭਾਰੀਆਂ ਚੱਟਾਨਾਂ ਇਸ ਉੱਤੇ ਆ ਡਿੱਗੀਆਂ। ਉਸ ਵਿੱਚ ਸਵਾਰ ਛੇ ਜ਼ਖਮੀਆਂ ਨੂੰ ਤੁਰੰਤ ਵਾਹਨ ਤੋਂ ਕੱਢਿਆ ਗਿਆ, ਪਰ ਪੰਜ ਲੋਕ ਉਸ ਵਿੱਚ ਬੁਰੀ ਤਰ੍ਹਾਂ ਫਸ ਗਏ, ਜਿਨ੍ਹਾਂ ਨੂੰ ਕੱਢਣ ਲਈ ਮਿਹਨਤ ਕਰਨੀ ਪਈ, ਪਰ ਤਦ ਤੱਕ ਉਨ੍ਹਾਂ ਨੇ ਦਮ ਤੋੜ ਦਿੱਤਾ ਸੀ।

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
ਲਿਵਰ ਸਰੋਇਸਿਸ, ਫੈਟੀ ਲਿਵਰ, ਹੈਪਾਟਾਇਟਸ A, B &C ਪੀਲੀਆ
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼ Symptoms: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety, Confidence ਨਹੀਂ ਰਹਿਣਾ, ਮੰਨ ਉਦਾਸ ਰਹਿਣਾ, ਚੇਤਾ ਭੁੱਲਣਾ ਆਦਿ ਤਕਲੀਫਾਂ ਦਾ ਇਲਾਜ ਹੈ। ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ ਦਾ ਵੀ ਸ਼ਰਤੀਆ ਇਲਾਜ ਹੈ।
ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਬਾਇਪਾਸ ਸਰਜਰੀ ਤੋ ਬਚਾਉ ਦਾ ਪੱਕਾ ਇਲਾਜ।
ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ ਜਾਂ ਰੁਕਣਾ। ਜੇਕਰ ਤੁਸੀਂ Stunt ਜਾਂ ਬਾਈ ਪਾਸ ਸਰਜਰੀ ਤੋਂ ਬੱਚਣਾ ਚਾਹੁੰਦੇ ਹੋ ਤਾਂ ਅੱਜ ਹੀ ਸਾਨੂੰ ਸੰਪਰਕ ਕਰੋ। ਸਰਜਰੀ ਅਤੇ Stunt ਤੋਂ ਬੱਚਣ ਲਈ ਸਾਡੇ ਕੋਲ ਤੱਸਲੀਬੱਖਸ਼ ਇਲਾਹ ਹੈ।
ਆਪਣੀ ਚਿਹਰੇ ਦੀ ਖੂਬਸੂਰਤੀ ਨੂੰ ਵਧਾਓ, ਜਿੱਦੀ ਛਾਈਆਂ ਵਰਗੀ ਨਾਮੁਰਾਦ ਬਿਮਾਰੀ ਤੋਂ ਹਮੇਸ਼ਾ ਲਈ ਛੁਟਕਾਰਾ ਪਾਓ। ਸਿਰ ਵਿੱਚ ਸਿਕਰੀ/dandruf ਦਾ ਪੱਕਾ ਇਲਾਜ।
Exima, ਬਵਾਸੀਰ ਦਾ ਪੱਕਾ ਇਲਾਜ ਹੈ ਅੱਖਾਂ ਲਾਲ, ਨਕ ਵਧਣਾ, ਖਾਜ ਹੋਣੀ ਫੁਲਾਂ ਤੋ ਅਤੇ ਘਾਹ ਤੋ ਅਲਰਜੀ, Sinus, Headache, running nose, sneezing ਆਦਿ ਤਕਲੀਫਾਂ ਦਾ ਵੀ ਜੜੋ ਇਲਾਜ ਹੈ। ਕਬਜ਼ ਦਾ ਇਲਾਜ ਤੇ ਸ਼ਰਾਬ ਛਡਣ ਦਾ ਸ਼ਰਤੀਆ ਇਲਾਜ,ਅੱਡੀਆਂ ਦੀਆਂ ਹੱਡੀਆਂ ਵੱਧ ਜਾਣਾ ਤੇ ਪੈਰਾਂ ਦੀਆਂ ਭੌਰੀਆਂ ਦਾ ਪੱਕਾ ਇਲਾਜ ਹੈ।
ਬਿਨਾ ਤਕਲੀਫ ਤੋਂ ਸ਼ਰਾਬ ਛਡੱਣ ਦਾ ਸ਼ਰਤੀਆ ਇਲਾਜ
NO SIDE EFFECTS
100% Natural Cure ਵਧੇਰੀ ਜਾਣਕਾਰੀ ਲਈ ਕਾਲ ਕਰੋ: 647-643-7593

SherGill Law Firm
Barrister, Solicitor & Notary Public
Services:
• Real Estate
• Family Law
• Residential, Commercial, Franchise
• Affidavit, Power Of Attorney & Notarization
• Criminal Law
• Immigration Matters
Paramjit Singh Gill (MBA,LL.B.)
Phone : 905-790-3636
Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6

# ਆਮ ਆਦਮੀ ਪਾਰਟੀ ਦੇ ਵਿਧਾਇਕ ਨਾਜਰ ਸਿੰਘ ਮਾਨਸ਼ਾਹੀਆ ਵੀ ਕਾਂਗਰਸ ਵਿੱਚ ਸ਼ਾਮਲ

* ਅਸੂਲ ਦੇ ਸਵਾਲ ਉੱਤੇ ਵਿਧਾਇਕ ਵਜੋਂ ਅਸਤੀਫ਼ਾ ਦਿੱਤਾ * ਸੁਖਪਾਲ ਸਿੰਘ ਖਹਿਰਾ ਨੇ ਵਿਧਾਨ ਸਭਾ ਮੈਂਬਰੀ ਛੱਡੀ



ਚੰਡੀਗੜ੍ਹ, 25 ਅਪਰੈਲ, (ਪੋਸਟ ਬਿਊਰੋ)- ਪੰਜਾਬ ਦੇ ਮਾਨਸਾ ਹਲਕੇਤੋਂਆਮ ਆਦਮੀ ਪਾਰਟੀ ਦੇ ਵਿਧਾਇਕ ਨਾਜਰ ਸਿੰਘ ਮਾਨਸ਼ਾਹੀਆ ਅੱਜ ਪਾਰਟੀ ਛੱਡ ਕੇ ਕਾਂਗਰਸ ਵਿੱਚ ਸ਼ਾਮਲ ਹੋ ਗਏ ਤੇ ਇਸ ਮੌਕੇ ਵਿਧਾਇਕ ਵਜੋਂ ਵੀ ਅਸਤੀਫਾ ਦੇ ਦਿੱਤਾ ਹੈ। ਉਨ੍ਹਾਂ ਨੇ ਆਪਣਾ ਅਸਤੀਫ਼ਾ ਵਿਧਾਨ ਸਭਾ ਸਪੀਕਰ ਰਾਣਾ ਕੇ ਪੀ ਨੂੰ ਭੇਜਿਆ ਹੈ।

ਵਰਨਣ ਯੋਗ ਹੈ ਕਿ ਅੱਜ ਵੀਰਵਾਰ ਮਾਨਸਾ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਨਾਜਰ ਸਿੰਘ ਮਾਨਸ਼ਾਹੀਆ ਕਾਂਗਰਸ ਵਿੱਚ ਸ਼ਾਮਲ ਹੋ ਗਏ ਹਨ। ਉਨ੍ਹਾਂ ਨੂੰ ਖੁਦ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਾਂਗਰਸ ਵਿੱਚ ਸ਼ਾਮਲ ਕਰਾਇਆ ਹੈ। ਇਸ ਮੌਕੇ ਮੁੱਖ ਮੰਤਰੀ ਨੇ ਉਨ੍ਹਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਦੂਜੀਆਂ ਪਾਰਟੀਆਂ ਦੇ ਇੱਕੋ ਜਿਹੀ ਵਿਚਾਰਧਾਰਾ ਵਾਲੇ ਲੋਕ ਕਾਂਗਰਸ ਵਿੱਚਆ ਰਹੇ ਹਨ। ਇਸ ਤੋਂਸਾਫ ਹੈ ਕਿ ਆਮ ਆਦਮੀ ਪਾਰਟੀ ਲੋਕਾਂ ਤੋਂਨਿੱਖੜ ਕੇ ਰਹਿ ਗਈ ਹੈ, ਜਿਸ ਵਿੱਚ ਪਹਿਲਾਂ ਹੀ ਵੱਡੀ ਬਗਾਵਤ ਚੱਲ ਰਹੀ ਸੀ।

ਨਾਜ਼ਰ ਸਿੰਘ ਮਾਨਸ਼ਾਹੀਆ ਨੇ 2015 ਵਿੱਚ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਤੋਂ ਸਵੈ-ਇੱਛਾ ਨਾਲ ਸੇਵਾਮੁਕਤੀ ਲੈ ਲਈ ਅਤੇ ਕਿਹਾ ਸੀ ਕਿ ਉਹ ਪੰਜਾਬ ਦੇ ਲੋਕਾਂ ਦੀ ਸੇਵਾ ਕਰਨਾ ਚਾਹੁੰਦੇ ਹਨ। ਫਿਰ ਉਹ ਆਮ ਆਦਮੀ ਪਾਰਟੀ ਵੱਲੋਂ ਚੋਣ ਲੜ ਕੇ ਵਿਧਾਇਕ ਬਣੇ ਅਤੇ ਅੱਜ ਕਾਂਗਰਸ ਵਿੱਚ ਸ਼ਾਮਲ ਹੋਣ ਪਿੱਛੋਂ ਉਨ੍ਹਾਂ ਕਿਹਾ ਕਿ ਕਾਂਗਰਸ ਲੋਕਾਂ ਦੀ ਸੇਵਾ ਦੇ ਲਈ ਸਭਤੋਂ ਵਧੀਆ ਮੰਚ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਦਾ ਕੋਈ ਸਕਰਾਤਮਕ ਏਜੰਡਾ ਹੀ ਨਹੀਂ ਹੈ।

ਇਸ ਦੌਰਾਨ ਆਮ ਆਦਮੀ ਪਾਰਟੀ ਤੋਂ ਬਾਗ਼ੀ ਹੋ ਕੇ ਨਵੀਂ ਬਣਾਈ ਪਾਰਟੀ ਪੰਜਾਬ ਏਕਤਾ ਪਾਰਟੀ ਵੱਲੋਂ ਬਠਿੰਡਾ ਤੋਂਪਾਰਲੀਮੈਂਟ ਲਈ ਚੋਣ ਮੈਦਾਨ ਵਿਚ ਕੁੱਦ ਚੁੱਕੇ ਸੁਖਪਾਲ ਸਿੰਘ ਖਹਿਰਾ ਨੇ ਅੱਜ ਵਿਧਾਇਕ ਵਜੋਂ ਅਸਤੀਫਾ ਦੇ ਦਿੱਤਾ ਹੈ। ਉਨ੍ਹਾਂ ਨੇ ਆਪਣਾ ਅਸਤੀਫ਼ਾ ਪੰਜਾਬ ਵਿਧਾਨ ਸਭਾ ਦੇ ਸਪੀਕਰ ਰਾਣਾ ਕੇ ਪੀ ਸਿੰਘ ਨੂੰ ਈ-ਮੇਲ ਰਾਹੀਂ ਭੇਜਿਆ ਹੈ।

ਵਰਨਣ ਯੋਗ ਹੈ ਕਿ ਪੰਜਾਬ ਵਿਧਾਨ ਸਭਾ ਵੱਲੋਂ ਸੁਖਪਾਲ ਸਿੰਘ ਖਹਿਰਾ ਨੂੰ ਵਿਧਾਇਕ ਵਜੋਂ ਡਿਸਕੁਆਲੀਫਾਈ ਕਰ ਦੇਣ ਦੀ ਕਾਰਵਾਈ ਪਹਿਲਾਂ ਹੀ ਚੱਲ ਰਹੀ ਸੀ। ਸੁਖਪਾਲ ਸਿੰਘ ਖਹਿਰਾ ਨੇ 29 ਮਾਰਚ ਨੂੰ ਵਿਧਾਨ ਸਭਾ ਦੇ ਸਪੀਕਰ ਰਾਣਾ ਕੰਵਰਪਾਲ ਸਿੰਘ ਨੂੰ ਪੱਤਰ ਭੇਜ ਕੇ ਮੰਗ ਕੀਤੀ ਸੀ ਕਿ ਉਹ ਲੋਕ ਸਭਾ ਚੋਣਾਂ ਵਿਚ ਰੁਝੇ ਹਨ ਤੇ ਚੋਣ ਮੁਕੰਮਲ ਹੋਣ ਤਕ ਉਨ੍ਹਾਂ ਨੂੰ ਜਵਾਬ ਦੇਣ ਦਾ ਸਮਾਂ ਦਿੱਤਾ ਜਾਵੇ, ਪਰ ਅੱਜ ਅਚਾਨਕ ਉਨ੍ਹਾਂ ਨੇ ਈਮੇਲ ਭੇਜ ਕੇ ਅਸਤੀਫਾ ਦੇ ਦਿੱਤਾ ਹੈ। ਇਹ ਗੱਲ ਸਭ ਨੂੰ ਪਤਾ ਹੈ ਕਿ ਸੁਖਪਾਲ ਖਹਿਰਾ ਵਲੋਂ ਵੱਖਰੀ ਪਾਰਟੀ ਬਣਾਉਣ ਤੋਂ ਬਾਅਦ ਐਡਵੋਕੇਟ ਹਰਸਿਮਰਨ ਸਿੰਘ ਅਤੇ ਵਿਰੋਧੀ ਧਿਰ ਦੇ ਆਗੂ ਹਰਪਾਲ ਸਿੰਘ ਚੀਮਾ ਨੇ ਖਹਿਰਾ ਦੀ ਵਿਧਾਨ ਸਭਾ ਮੈਂਬਰੀ ਖਾਰਜ ਕਰ ਦੇਣ ਦੀ ਮੰਗ ਕੀਤੀ ਹੋਈ ਸੀ, ਜਿਸ ਦੀ ਨੌਬਤ ਆਉਣ ਤੋਂ ਪਹਿਲਾਂ ਖਹਿਰਾ ਨੇ ਅਸਤੀਫਾ ਦੇ ਦਿੱਤਾ ਹੈ।

# ਵਾਰਾਨਸੀ ’ਚ ਨਰਿੰਦਰ ਮੋਦੀ ਦਾ ਰਿਕਾਰਡ ਤੋੜ ਰੋਡ ਸ਼ੋਅ



* ਮੋਦੀ ਨੇ ਕਿਹਾ: ਮੈਂ ਤੁਹਾਡਾ ਆਸ਼ੀਰਵਾਦ ਲੈਣ ਆਇਆ ਹਾਂ

ਵਾਰਾਣਸੀ, 25 ਅਪਰੈਲ, (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਲੋਕ ਸਭਾ ਚੋਣ ਲਈ ਨਾਮਜ਼ਦਗੀਦੇ ਕਾਗਜ਼ ਭਰਨਤੋਂ ਪਹਿਲਾਂ ਇਸ ਧਾਰਮਿਕ ਦਿੱਖ ਵਾਲੇ ਸ਼ਹਿਰ ਵਿੱਚ ਰੋਡ ਸ਼ੋਅ ਕੀਤਾ ਤੇ ਉਸ ਪਿੱਛੋਂ ਗੰਗਾ ਆਰਤੀ ਵਿੱਚ ਹਿੱਸਾ ਲਿਆ। ਗੰਗਾ ਆਰਤੀ ਤੋਂ ਬਾਅਦ ਪ੍ਰਧਾਨ ਮੰਤਰੀ ਮੋਦੀ ਨੇ ਰਾਤ 9 ਵਜੇ ਹੋਟਲ ਡੀ ਪੈਰਿਸ ਵਿੱਚਭਾਜਪਾ ਵਰਕਰਾਂ ਅਤੇ ਅਹੁਦੇਦਾਰਾਂ ਨੂੰ ਸੰਬੋਧਨ ਕੀਤਾ ਅਤੇ ਇਸ ਚੋਣ ਲੜਾਈ ਵਿੱਚ ਸਰਗਰਮ ਹੋਣ ਦਾ ਸੱਦਾ ਦੇਣ ਦੇ ਨਾਲ ਵਿਰੋਧੀ ਉੱਤੇ ਹਮਲੇ ਕੀਤੇ ਅਤੇ ਦੇਸ਼ ਦੀ ਸੁਰੱਖਿਆ ਬਾਰੇ ਆਪਣੀ ਵਚਨਬੱਧਤਾ ਵੀ ਦੋਹਰਾਈ।

ਇਸ ਮੌਕੇ ਪ੍ਰਧਾਨ ਮੰਤਰੀ ਮੋਦੀ ਨੇ ਗੰਗਾ ਦੀ ਸ਼ੁੱਧਤਾ ਲਈ ਸਰਕਾਰ ਦੀਆਂ ਕੋਸ਼ਿਸ਼ਾਂ ਨੂੰ ਜਨਤਾ ਸਾਹਮਣੇ ਰੱਖਿਆ ਤੇ ਪੰਜ ਸਾਲਾਂ ਵਿੱਚ ਇਸ ਸ਼ਹਿਰ ਲਈ ਕੀਤੇ ਵਿਕਾਸ ਕਾਰਜ ਗਿਣਾ ਕੇ ਜਨ-ਹੱਤ ਦੀਆਂ ਯੋਜਨਾਵਾਂ ਲਈ ਆਪਣੀ ਪਹਿਲ ਦੀ ਗੱਲ ਕੀਤੀ। ਉਨ੍ਹਾਂ ਕਿਹਾ ਕਿ ਮੈਂ ਇਥੇ ਜਨਤਾ ਦਾ ਆਸ਼ੀਰਵਾਦ ਲੈਣ ਲਈ ਵਾਰਾਣਸੀ ਆਇਆ ਹਾਂ ਤੇ ਦੇਸ਼ਹਿੱਤ ਤੋਂ ਇਲਾਵਾ ਕਿਸੇ ਹੋਰ ਦੇ ਹਿੱਤ ਬਾਰੇ ਨਹੀਂ ਸੋਚਾਂਗਾ,‘ਇੰਡੀਆਂ ਫਸਟ’ ਹੀ ਮੇਰਾ ਮੰਤਰ ਹੈ। ਉਨ੍ਹਾਂ ਕਿਹਾ ਕਿ ਨਵਾਂ ਭਾਰਤ ਅੱਤਵਾਦੀਆਂ ਨੂੰ ਮੂੰਹ ਤੋੜ ਜਵਾਬ ਦਿੰਦਾ ਹੈ, ਅਸੀਂ ਅੱਤਵਾਦ ਦੇ ਖਤਰੇ ਨੂੰ ਘੱਟ ਨਹੀਂ ਮੰਨ ਸਕਦੇ। ਨਰਿੰਦਰ ਮੋਦੀ ਨੇ ਕਿਹਾ ਕਿ 17 ਮਈ 2014 ਨੂੰ ਵਾਰਾਣਸੀ ਵਿੱਚ ਮੈਂ ਸੋਚ ਰਿਹਾ ਸੀ ਕਿ ਕਾਸ਼ੀ ਦੀਆਂ ਆਸਾਂ ਉੱਤੇ ਪੂਰਾ ਉਤਰ ਸਕਾਂਗਾ ਜਾਂ ਨਹੀਂ, ਪਰ ਅੱਜ ਕਹਿ ਸਕਦਾ ਹਾਂ ਕਿ ਹੋਏ ਪਏ ਬਦਲਾਅ ਨੂੰ ਪੂਰਾ ਦੇਸ਼ ਮਹਿਸੂਸ ਕਰਦਾ ਹੈ।

ਆਪਣੇ ਪਾਰਲੀਮੈਂਟਰੀ ਹਲਕੇ ਵਿੱਚ ਦੂਸਰੀ ਵਾਰ ਚੋਣ ਲੜਨ ਪੁੱਜੇ ਨਰਿੰਦਰ ਮੋਦੀ ਦੇ ਸਵਾਗਤਵਾਸਤੇ ਲੋਕਾਂ ਦਾ ਹੜ੍ਹ ਆ ਗਿਆ। ਉਨ੍ਹਾਂ ਦਾ ਰੋਡ ਸ਼ੋਅ ਤਿੰਨ ਵਜੇ ਸ਼ੁਰੂ ਹੋਣਾ ਸੀ, ਪ੍ਰੰਤੂ ਸਵਾ ਦੋ ਘੰਟੇ ਦੇਰ ਨਾਲ ਸ਼ੁਰੂ ਹੋਏ ਇਸ ਸ਼ੋਅ ਵਿੱਚਅੱਜ ਤਕ ਦੇ ਸਾਰੇ ਰਿਕਾਰਡ ਟੁੱਟ ਗਏ। ਵੱਖ-ਵੱਖ ਰੰਗਾਂ ਨਾਲ ਸਜੀ ਉਨ੍ਹਾਂ ਦੀ ਯਾਤਰਾ ਮਦਨਪੁਰਾ ਪੁੱਜੀ ਤਾਂ ਵਾਰਾਣਸੀਦੇ ਲੋਕਾਂ ਵਿੱਚ ਖ਼ੁਸ਼ੀ ਦੀ ਲਹਿਰ ਜਾਪਦੀ ਸੀ। ਸ਼ਾਮ ਸਵਾ ਪੰਜ ਵਜੇ ਰੇਂਜ ਰੋਵਰ ਗੱਡੀਤੋਂ ਭਗਵਾ ਕੁੜਤਾ ਪਾਏ ਮੋਦੀ ਜਦੋਂ ਉਤਰੇ ਤਾਂ ਪੌੜੀਆਂ ਚੜ੍ਹ ਕੇ ਪੰਡਤ ਮਦਨ ਮੋਹਨ ਮਾਲਵੀਆ ਦੇ ਬੁੱਤ ਅੱਗੇ ਜਾ ਕੇ ਪ੍ਰਣਾਮ ਕੀਤਾ। ਪ੍ਰਧਾਨ ਮੰਤਰੀ ਮੋਦੀ ਦੀ ਗੱਡੀ ਦੇ ਪਿੱਛੇ ਇਕ ਵੱਡੀ ਗੱਡੀ ਵਾਂਗ ਬਣਾਏ ਰੱਥ ਉਤੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ, ਸੂਬਾ ਪ੍ਰਧਾਨ ਡਾ. ਮਹੇਂਦਰ ਨਾਥ ਪਾਂਡੇ, ਲੋਕ ਸਭਾ ਦੇ ਹਲਕਾ ਇੰਚਾਰਜ ਅਤੇ ਕੇਂਦਰੀ ਮੰਤਰੀ ਜੇਪੀ ਨੱਡਾ ਸਮੇਤ ਕਈ ਆਗੂ ਸਵਾਰ ਸਨ।







# ਸੁਪਰੀਮ ਕੋਰਟ ਦਾ ਹੁਕਮ: ਚੀਫ ਜਸਟਿਸ ਵਿਰੁੱਧ ਸਾਜ਼ਿਸ਼ ਦੀ ਜਾਂਚ ਸਾਬਕਾ ਜੱਜ ਪਟਨਾਇਕ ਕਰਨਗੇ

* ਅੰਦਰੂਨੀ ਜਾਂਚ ਕਮੇਟੀ ਵਿੱਚ ਜਸਟਿਸ ਰਮੰਨਾ ਦੀ ਥਾਂ ਇੰਦੂ ਮਲਹੋਤਰਾ ਸ਼ਾਮਲ

ਨਵੀਂ ਦਿੱਲੀ, 25 ਅਪਰੈਲ, (ਪੋਸਟ ਬਿਊਰੋ)- ਭਾਰਤ ਦੇ ਚੀਫ ਜਸਟਿਸ ਦੇ ਖ਼ਿਲਾਫ਼ ਲਾਏ ਗਏ ਦੋਸ਼ਾਂ ਦੇ ਪਿੱਛੇ ਸਾਜ਼ਿਸ਼ ਦੇ ਦੋਸ਼ਾਂ ਨੂੰ ਗੰਭੀਰਤਾ ਨਾਲ ਲੈਣ ਪਿੱਛੋਂ ਸੁਪਰੀਮ ਕੋਰਟ ਨੇ ਇਸ ਦੀ ਜਾਂਚ ਦਾ ਹੁਕਮ ਦਿੱਤਾ ਹੈ। ਅੱਜ ਵੀਰਵਾਰ ਕੋਰਟ ਨੇ ਇਸ ਬਾਰੇ ਅਹਿਮ ਫੈਸਲਾ ਕਰਦਿਆਂ ਇਸ ਦੀ ਜਾਂਚ ਰਿਟਾਇਰਡ ਜਸਟਿਸ ਪਟਨਾਇਕ ਨੂੰ ਸੌਂਪੀ ਤੇ ਜਾਂਚ ਏਜੰਸੀਆਂ ਸੀਬੀਆਈ ਅਤੇ ਆਈਬੀ ਨੂੰ ਕਿਹਾ ਹੈ ਕਿ ਉਹ ਜਾਂਚ ਵਿੱਚ ਜਸਟਿਸ ਪਟਨਾਇਕ ਦੀ ਮਦਦ ਕਰਨ।

ਵਰਨਣ ਯੋਗ ਹੈ ਕਿ ਬੀਤੇ ਬੁੱਧਵਾਰ ਨੂੰ ਵਕੀਲ ਉਤਸਵ ਬੈਂਸ ਨੇ ਐਫੀਡੇਵਿਟ ਦਾਇਰ ਕਰ ਕੇ ਜਿਹੜੀ ਸਾਜ਼ਿਸ਼ ਦਾ ਇਸ਼ਾਰਾ ਕੀਤਾ ਸੀ, ਉਸ ਦੇ ਦੋਸ਼ਾਂ ਨੂੰ ਗੰਭੀਰ ਮੰਨ ਕੇ ਕੋਰਟ ਨੇ ਸੀਬੀਆਈ ਦੇ ਡਾਇਰੈਕਟਰ ਅਤੇ ਆਈ ਬੀਦੇ ਮੁਖੀ ਨੂੰ ਸੱਦ ਕੇ ਇਸ ਕੇਸ ਦੀ ਵਿਚਾਰ ਕੀਤੀ ਸੀ। ਵਕੀਲ ਉਤਸਵ ਬੈਂਸ ਨੇ ਐਫੀਡੇਵਿਟ ਵਿੱਚ ਇਹ ਵੀ ਦਾਅਵਾ ਕੀਤਾ ਸੀ ਕਿ ਕੁਝ ਵੱਡੇ ਫੈਸਲਿਆਂ ਨੂੰ ਫਿਕਸ ਕੀਤਾ ਜਾਂਦਾ ਹੈ। ਉਨ੍ਹਾਂ ਨੇ ਬੁੱਧਵਾਰ ਪਟੀਸ਼ਨ ਦਾਇਰ ਕਰ ਕੇ ਇਹਗੰਭੀਰ ਦੋਸ਼ ਲਾਏ ਸਨ। ਉਨ੍ਹਾਂ ਦਾ ਕਹਿਣਾ ਸੀ ਕਿ ਚੀਫ ਜਸਟਿਸ ਰੰਜਨ ਗੋਗੋਈ ਉੱਤੇ ਇਖਲਾਕੀ ਦੋਸ਼ਾਂ ਦੇ ਲਾਏ ਜਾਣ ਪਿੱਛੇ ਵੱਡੀ ਸਾਜ਼ਿਸ਼ ਅਤੇ ਫਿਕਸਰ ਕਾਰਪੋਰੇਟ ਲਾਬੀ ਹੋ ਸਕਦੀ ਹੈ। ਇਸ ਉੱਤੇ ਸੁਪਰੀਮ ਕੋਰਟ ਨੇ ਬੁੱਧਵਾਰ ਸੁਣਵਾਈ ਵੇਲੇ ਸਾਫ ਕੀਤਾ ਸੀ ਕਿ ਕੋਰਟ ਵਿੱਚ ਫਿਕਸਰਾਂ ਦੀ ਕੋਈ ਭੂਮਿਕਾ ਨਹੀਂ ਅਤੇ ਜੇ ਕੋਈ ਫਿਕਸਿੰਗ ਰੈਕੇਟ ਹੈ ਤਾਂ ਉਸ ਦੀ ਜੜ੍ਹ ਤਕ ਜਾਵਾਂਗੇ। ਕੋਰਟ ਨੇ ਕਿਹਾ ਸੀ ਕਿ ਇਸ ਦੀ ਜਾਂਚ ਹੋਵੇਗੀ, ਕਿਉਂਕਿ ਜੱਜਾਂ ਦੀ ਆਜ਼ਾਦੀ ਖਤਰੇ ਵਿੱਚ ਹੈ।



ਇਸ ਦੌਰਾਨ ਸੁਪਰੀਮ ਕੋਰਟ ਦੇ ਚੀਫ ਜਸਟਿਸ ਰੰਜਨ ਗੋਗੋਈ ਦੇ ਵਿਰੁੱਧ ਜਿਨਸੀ ਸ਼ੋਸ਼ਣ ਦੇ ਦੋਸ਼ਾਂ ਦੀ ਅੰਦਰੂਨੀ ਜਾਂਚ ਲਈ ਬਣਾਈ ਤਿੰਨ ਮੈਂਬਰੀ ਜਾਂਚ ਕਮੇਟੀ ਵਿੱਚ ਜਸਟਿਸ ਇੰਦੂ ਮਲਹੋਤਰਾ ਨੂੰ ਸ਼ਾਮਲ ਕੀਤਾ ਗਿਆ ਹੈ। ਵਰਨਣ ਯੋਗ ਹੈ ਕਿ ਸੁਪਰੀਮ ਕੋਰਟ ਨੇ ਇਸ ਬਾਰੇ ਵਿਭਾਗੀ ਜਾਂਚ ਕਰਨ ਲਈ ਤਿੰਨ ਸਿਟਿੰਗ ਜੱਜਾਂ; ਜਸਟਿਸ ਐੱਸ ਏ ਬੋਬੜੇ, ਜਸਟਿਸ ਐਨ ਵੀ ਰਮੰਨਾ ਅਤੇ ਜਸਟਿਸ ਇੰਦਰਾ ਬੈਨਰਜੀ ਦੀ ਕਮੇਟੀ ਬਣਾਈ ਸੀ, ਪਰ ਜਸਟਿਸ ਐੱਨ ਵੀ ਰਮੰਨਾ ਨੇ ਇਸ ਵਿੱਚ ਸ਼ਾਮਲ ਹੋਣ ਤੋਂਨਾਂਹ ਕਰ ਦਿੱਤੀ ਹੈ। ਅੱਜ ਵੀਰਵਾਰ ਨੂੰ ਸੁਪਰੀਮ ਕੋਰਟ ਨੇ ਚੀਫ ਜਸਟਿਸ ਰੰਜਨ ਗੋਗੋਈ ਦੇ ਖਿਲਾਫ ਸਾਜ਼ਿਸ਼ ਦੇ ਕੇਸ ਵਿੱਚ ਜਾਂਚ ਦੇ ਆਦੇਸ਼ ਵੀ ਦਿੱਤੇ ਅਤੇ ਸਪੈਸ਼ਲ ਇਨਵੈਸਟੀਗੇਸ਼ਨ ਟੀਮ ਬਣਾ ਦਿੱਤੀ ਹੈ। ਕੋਰਟ ਨੇ ਸਾਫ ਕਿਹਾ ਕਿ ਦੇਸ਼ ਦੀ ਚੋਟੀ ਦੀ ਅਦਾਲਤ ਕੁਝ ਤਾਕਤਵਰ ਅਤੇ ਪੈਸੇ ਵਾਲੇ ਲੋਕਾਂ ਦੀ ਮਰਜ਼ੀ ਨਾਲ ਕੰਮ ਨਹੀਂ ਕਰ ਸਕਦੀ। ਕੋਰਟ ਨੇ ਇਹ ਚਿੰਤਾ ਜ਼ਾਹਰ ਕੀਤੀ ਕਿ ਪਿਛਲੇਤਿੰਨ-ਚਾਰ ਸਾਲਾਂ ਤੋਂ ਲਗਾਤਾਰ ਸੁਪਰੀਮ ਕੋਰਟ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ, ਜਿਸ ਨਾਲ ਕੋਰਟ ਦੀ ਆਜ਼ਾਦੀ ਖਤਰੇ ਵਿੱਚ ਹੈ।

# ਪਟਿਆਲਾ ਜੇਲ੍ਹ ਦੇ ਸਾਬਕਾ ਸੁਪਰਡੈਂਟ ਸਣੇ 4 ਅਫਸਰ ਨੌਕਰੀ ਤੋਂ ਬਰਖ਼ਾਸਤ

ਚੰਡੀਗੜ੍ਹ, 25 ਅਪਰੈਲ, (ਪੋਸਟ ਬਿਊਰੋ)- ਕੈਦੀਆਂ ਨੂੰ ਸਜ਼ਾ ਤੋਂ ਛੋਟ, ਜਬਰੀ ਵਸੂਲੀ, ਤਸੀਹੇ, ਗੈਰ ਮਨੁੱਖੀ ਵਤੀਰੇ ਦੇ ਨਾਲ ਗੈਰ ਕੁਦਰਤੀ ਕੰਮਾਂ ਬਾਰੇ ਉਤਸ਼ਾਹਤ ਕਰਕੇ ਜੇਲ੍ਹ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਦੇ ਖਿਲਾਫ਼ ਕਾਰਵਾਈ ਕਰਦੇ ਹੋਏ ਕੇਂਦਰੀ ਜੇਲ੍ਹ ਪਟਿਆਲਾ ਦੇ ਚਾਰ ਅਧਿਕਾਰੀਆਂ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ ਹੈ।


ਇਸ ਸਬੰਧ ਵਿੱਚ ਪੰਜਾਬ ਦੇ ਜੇਲ੍ਹਾਂ ਬਾਰੇ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਕੇਂਦਰੀ ਜੇਲ੍ਹ ਪਟਿਆਲਾ ਵਿਚ ਸਜ਼ਾ ਕੱਟ ਰਹੇ ਬਰਜੇਸ਼ ਠਾਕੁਰ ਅਤੇ ਕਿਰਨਵੀਰ ਸਿੰਘ ਦੇ ਪਰਿਵਾਰਕ ਮੈਂਬਰਾਂ ਵੱਲੋਂ ਲਾਏ ਗਏ ਦੋਸ਼ਾਂ ਦੀ ਜਾਂਚ ਦਾ ਜਿੰਮਾ ਆਈ ਜੀ ਕੁੰਵਰ ਵਿਜੈ ਪ੍ਰਤਾਪ ਸਿੰਘ ਨੂੰ ਸੌਂਪਿਆ ਗਿਆ ਸੀ। ਇਨ੍ਹਾਂ ਕੈਦੀਆਂ ਦੇ ਪਰਿਵਾਰਕ ਮੈਂਬਰਾਂ ਨੇ ਇਨ੍ਹਾਂ ਜੇਲ੍ਹ ਅਧਿਕਾਰੀਆਂ ਉੱਤੇ ਜੇਲ੍ਹ ਵਿਚ ਬੰਦ ਗੈਂਗਸਟਰਾਂ ਨਾਲ ਮਿਲ ਕੇ ਉਨ੍ਹਾਂ ਦੇ ਰਿਸ਼ਤੇਦਾਰ ਕੈਦੀਆਂ ਨਾਲ ਗੈਰ ਕੁਦਰਤੀ ਕੰਮਾਂ ਦੇ ਨਾਲ ਗੈਰ ਮਨੁੱਖੀ ਤਸੀਹੇ, ਜਬਰੀ ਵਸੂਲੀ ਦੇ ਦੋਸ਼ ਲਾਏ ਸਨ। ਮੰਤਰੀ ਰੰਧਾਵਾ ਨੇ ਦੱਸਿਆ ਕਿ ਇਸ ਜਾਂਚ ਦੇ ਅਧਾਰ ਉੱਤੇ ਰਾਜਨ ਕਪੂਰ ਡਿਪਟੀ ਸੁਪਰਡੈਂਟ ਗਰੇਡ-2, ਓਦੋਂ ਦੇ ਸੁਪਰਡੈਂਟ ਕੇਂਦਰੀ ਜੇਲ੍ਹ ਪਟਿਆਲਾ ਵਿਕਾਸ ਸ਼ਰਮਾ ਅਤੇ ਸੁਖਜਿੰਦਰ ਸਿੰਘ ਦੋਵੇਂ ਸਹਾਇਕ ਸੁਪਰਡੈਂਟ ਕੇਂਦਰੀ ਜੇਲ੍ਹ ਪਟਿਆਲਾ ਅਤੇ ਪਰਾਗਨ ਸਿੰਘ ਹੈੱਡ ਵਾਰਡਨ ਕੇਂਦਰੀ ਜੇਲ੍ਹ ਪਟਿਆਲਾ ਨੂੰ ਨੌਕਰੀ ਤੋਂ ਬਰਖ਼ਾਸਤ ਕਰਨ ਦੇ ਹੁਕਮ ਜਾਰੀ ਕੀਤੇ ਗਏ ਹਨ।

# ਪਾਕਿ ਵੱਲੋਂ ਭਾਰਤ ਉੱਤੇ ਕਰਤਾਰਪੁਰ ਲਾਂਘੇ ਵਿੱਚ ਦੇਰੀ ਦਾ ਦੋਸ਼

ਇਸਲਾਮਾਬਾਦ, 25 ਅਪਰੈਲ, (ਪੋਸਟ ਬਿਊਰੋ)- ਪਾਕਿਸਤਾਨ ਸਰਕਾਰ ਨੇ ਭਾਰਤ ਉੱਤੇ ਦੋਸ਼ ਲਾਇਆ ਹੈ ਕਿ ਉਹ ਕਰਤਾਰਪੁਰ ਸਾਹਿਬ ਲਾਂਘੇ ਨੂੰ ਚਾਲੂ ਕਰਨ ਲਈ ਸਮਝੌਤਾ ਕਰਨ ਦੀ ਗੱਲਬਾਤ ਨੂੰ ਜਾਣ-ਬੁੱਝ ਕੇ ਲਮਕਾਈ ਜਾਂਦਾ ਹੈ। ਇਸ ਲਾਂਘੇ ਨਾਲ ਪਾਕਿਸਤਾਨ ਦੇ ਨਾਰੋਵਾਲ ਜ਼ਿਲੇ ਵਿੱਚ ਗੁਰਦੁਆਰਾ ਦਰਬਾਰ ਸਾਹਿਬ ਕਰਤਾਰਪੁਰ ਅਤੇ ਭਾਰਤੀ ਪੰਜਾਬ ਦੇ ਗੁਰਦਾਸਪੁਰ ਜ਼ਿਲੇ ਵਿਚਲੇ ਡੇਰਾ ਬਾਬਾ ਨਾਨਕ ਵਾਲੇ ਗੁਰ-ਅਸਥਾਨਨੂੰ ਜੋੜਿਆ ਜਾਣਾ ਹੈ।

ਇਸ ਸੰਬੰਧ ਵਿੱਚ ਪਾਕਿਸਤਾਨ ਦੇ ਵਿਦੇਸ਼ ਵਿਭਾਗ ਦੇ ਬੁਲਾਰੇ ਮੁਹੰਮਦ ਫੈਸਲ ਨੇ ਕਿਹਾ, ‘ਪਾਕਿਸਤਾਨ ਦੀ ਪੂਰੀ ਕੋਸ਼ਿਸ਼ ਹੈ ਕਿ ਕਰਤਾਰਪੁਰ ਲਾਂਘਾ ਆਪਣੇ ਮਿਥੇ ਸਮੇਂ ਉੱਤੇ ਚਾਲੂ ਹੋ ਜਾਵੇ, ਪਰ ਭਾਰਤ ਸਰਕਾਰ ਪ੍ਰਤੀਨਿਧ ਮੰਡਲ ਪੱਧਰ ਦੀ ਗੱਲਬਾਤ ਨੂੰ ਟਾਲ਼ ਕੇ ਦੇਰੀ ਕਰ ਰਹੀ ਹੈ। ਬੀਤੀ 16 ਅਪ੍ਰੈਲ ਨੂੰ ਦੋਵੇਂ ਦੇਸ਼ਾਂ ਦੇ ਅਧਿਕਾਰੀਆਂ ਦੀ ਸਰਹੱਦ ਉੱਤੇ ਜ਼ੀਰੋ ਪੁਆਇੰਟ ਵਿਖੇ ਚਾਰ ਘੰਟੇ ਚੱਲੀ ਬੈਠਕ ਵਿਚ ਪੁਲ਼ ਅਤੇ ਸੜਕਾਂ ਨੂੰ ਜੋੜਨ ਦੇ ਕੰਮ ਨੂੰ ਪੂਰਾ ਕਰਨ ਦੀ ਚਰਚਾ ਹੋਈ ਸੀ।ਫੈਸਲ ਨੇ ਕਿਹਾ ਸੀ ਕਿ ਲਾਂਘੇ ਲਈ ਪਾਕਿਸਤਾਨ ਵਿਚ ਕੰਮ ਪੂਰੀ ਤੇਜ਼ੀ ਨਾਲ ਚੱਲ ਰਿਹਾ ਹੈ ਅਤੇ ਇਹ ਮਿਥੇ ਸਮੇਂ ਵਿਚ ਪੂਰਾ ਕਰ ਲਿਆ ਜਾਵੇਗਾ, ਪਰ ਅਸੀਂ ਕੰਮ ਕਰਨ ਦੇ ਖਰੜੇ ਬਾਰੇ ਬੈਠਕ ਕਰਨਾ ਚਾਹੁੰਦੇ ਹਾਂ। ਆਸ ਹੈ ਕਿ ਭਾਰਤ ਇਸ ਦੇ ਲਈ ਕੋਈ ਨੇੜਲੀ ਤਰੀਕ ਤੈਅ ਕਰੇਗਾ।

ਅਸਲ ਵਿੱਚ ਹੈ ਕਿ ਭਾਰਤ ਅਤੇ ਪਾਕਿਸਤਾਨ ਨੇ ਨਵੰਬਰ 2018 ਤੱਕ ਕਰਤਾਰਪੁਰ ਲਾਂਘਾ ਬਣਾਉਣ ਦਾ ਫ਼ੈਸਲਾ ਕਰ ਕੇ ਕੰਮ ਸ਼ੁਰੂ ਕੀਤਾ ਸੀ ਅਤੇ ਇਸ ਪਿੱਛੋਂ ਦੋਵੇਂ ਪਾਸਿਆਂ ਵੱਲ ਕੰਮ ਚੱਲ ਰਿਹਾ ਹੈ।



## ਨੈਸ਼ਨਲ ਗੱਤਕਾ ਐਸੋਸੀਏਸ਼ਨ ਇੰਡੀਆ ਦੇ ਪ੍ਰਧਾਨ ਗਰੇਵਾਲ ਦਾ ਪੰਜਾਬੀ ਲਹਿਰਾਂ ਵੱਲੋਂ ਸਨਮਾਨ



ਨੈਸ਼ਨਲ ਗੱਤਕਾ ਐਸੋਸੀਏਸ਼ਨ ਦੇ ਪ੍ਰੈਜ਼ੀਡੈਂਟ ਸਰਦਾਰ ਹਰਜੀਤ ਸਿੰਘ ਗਰੇਵਾਲ਼ ਪੰਜਾਬੀ ਲਹਿਰਾਂ ਦੇ ਸਟੂਡੀਓ ਵਿੱਚ ਪੁਜੇ ਉਨਾਂ ਬੋਲਦਿਆਂ ਪੰਜਾਬ ਅਤੇ ਪੂਰੇ ਭਾਰਤ ਵਿੱਚ ਗੱਤਕਾ ਖੇਡ ਦੀ ਜਾਣਕਾਰੀ ਦਿੱਤੀ । ਸਤਿੰਦਰ ਪਾਲ ਸਿੰਘ ਸਿੱਧਵਾ ਦੇ ਸਵਾਲ ਦੇ ਜਵਾਬ ਵਿੱਚ ਗਰੇਵਾਲ਼ ਜੀ ਨੇ ਆਖਿਆ ਕਿ ਪੰਜਾਬ ਦੇ ਸਕੂਲਾਂ ਕਾਲਜਾਂ ਦੇ ਨਾਲ ਯੂਨੀਵਰਸਿਟੀ ਲੈਵਲ ਤੇ ਵੀ ਗੱਤਕਾ ਦੇ ਮੁਕਾਬਲੇ ਹੁੰਦੇ ਹਨ

ਮੈਲਬੋਰਨ ਦੀਆਂ ਸਿੱਖ ਖੇਡਾਂ ਵਿੱਚ ਵੀ ਗਤਕੇ ਦੀ ਖੇਡ ਦੀ ਭਰਪੂਰ ਪ੍ਰਸੰਸਾ ਹੋਈ । ਛੇਵੇਂ ਪਾਤਸ਼ਾਹ ਗੁਰੂ ਹਰਗੋਬਿੰਦ ਸਾਹਿਬ ਵੱਲੋਂ ਸਿੱਖ ਕੌਮ ਨੂੰ ਸ਼ਸਤਰ ਬੱਧ ਕਰਨ ਵੇਲੇ ਗੱਤਕਾ ਖੇਡ ਪ੍ਰਚੱਲਤ ਹੋਈ ਸੀ ।ਸਰਦਾਰ ਹਰਜੀਤ ਸਿੰਘ ਜੀ ਨੇ ਸਿੱਖ ਜਥੇਬੰਦੀਆਂ , ਗੁਰਦੁਆਰਾ ਸਾਹਿਬ ਪ੍ਰਬੰਧਕਾਂ ਤੇ ਸੰਗਤਾਂ ਨੂੰ ਬੇਨਤੀ ਕੀਤੀ ਕਿ ਗੱਤਕੇ ਦੀ ਖੇਡ ਪਰਫੁਲਤ ਕਰਨ ਲਈ ਸੰਪਰਕ ਕਰਨ । ਗੱਤਕੇ ਸੀ ਪੂਰੀ ਕਿੱਟ ਵੀ ਪਹੁੰਚਾਈ ਜਾਵੇਗੀ । ਸ : ਹਰਿੰਦਰ ਸਿੰਘ ਸਹੋਤਾ ਬੁੱਧੀ ਜੀਵੀ ਵੀ ਉਨਾਂ ਦੇ ਨਾਲ ਸਨ । ਪੰਜਾਬੀ ਲਹਿਰਾਂ ਵੱਲੋਂ ਸਤਿੰਦਰ ਪਾਲ ਸਿੰਘ ਸਿੱਧਵਾ ਨੇ ਸ: ਹਰਜੀਤ ਸਿੰਘ ਗਰੇਵਾਲ਼ ਜੀ ਨੂੰ ਸਨਮਾਨਤ ਕੀਤਾ ਗਿਆ ।

# ਬੈਂਕ ਦੀ ਲੁੱਟ ਦੇ ਦੋਸ਼ੀ 48 ਘੰਟਿਆਂ ਵਿੱਚ ਗ੍ਰਿਫ਼ਤਾਰ

ਮੋਗਾ, 25 ਅਪ੍ਰੈਲ (ਗਿਆਨ ਸਿੰਘ): ਬੈਂਕ ਦੀ ਲੁੱਟ ਦੇ ਦੋਸ਼ੀਆਂ ਨੂੰ 48 ਘੰਟਿਆਂ ਵਿੱਚ ਗ੍ਰਿਫ਼ਤਾਰ ਕਰਕੇ ਚੋਰੀ ਦਾ ਮਸਲਾ ਸੁਲਝਾਇਆ। ਇੱਕ ਬੈਂਕ ਕ੍ਰਮਚਾਰੀ ਸਮੇਤ ਤਿੰਨ ਦੋਸ਼ੀ ਗ੍ਰਿਫ਼ਤਾਰ ਕਰਕੇ 9 ਲੱਖ ਰੁਪਏ ਨਕਦ ਅਤੇ ਸੋਨੇ ਦੇ 14 ਪੈਕਟ ਕੀਤੇ ਬਰਾਮਦ।

ਇਹ ਜਾਣਕਾਰੀ ਸੀਨੀਅਰ ਕਪਤਾਨ ਪੁਲਿਸ ਸ਼੍ਰੀ ਅਮਰਜੀਤ ਸਿੰਘ ਬਾਜਵਾ ਨੇ ਪ੍ਰੈਸ ਕਾਨਫਰੰਸ ਦੌਰਾਨ ਦਿੰਦਿਆਂ ਦੱਸਿਆ ਕਿ ਮਿਤੀ 21/22-04-19 ਦੀ ਦਰਮਿਆਨੀ ਰਾਤ ਨੂੰ ਕੁਝ ਨਾਮਲੂਮ ਵਿਅਕਤੀਆਂ ਵੱਲੋ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਮੋਗਾ ਸਥਿਤ ਬੈਂਕ ਆਫ ਇੰਡੀਆ ਦਾ ਸ਼ਟਰ ਖੋਲ੍ਹ ਕੇ ਬੈਂਕ ਦੇ ਸੇਫ ਦੇ ਲਾਕ ਖੋਲ੍ਹ ਕੇ ਸੇਫ ਵਿੱਚ ਪਿਆ ਸੋਨਾ ਅਤੇ ਕੈਸ਼ 17 ਲੱਖ 65 ਹਜਾਰ 30 ਰੁਪਏ ਚੋਰੀ ਕੀਤੇ ਸਨ। ਉਨ੍ਹਾਂ ਦੱਸਿਆ ਕਿ ਨਾਮਲੂਮ ਵਿਅਕਤੀ ਬੈਂਕ ਅੰਦਰ ਲੱਗੇ ਸੀ.ਸੀ.ਟੀ.ਵੀ ਕੈਮਰੇ ਅਤੇ ਡੀ.ਵੀ.ਆਰ ਵੀ ਚੋਰੀ ਕਰਕੇ ਲੈ ਗਏ ਸਨ, ਜਿਸ ਸਬੰਧੀ ਸ਼੍ਰੀ ਰਾਹੁਲ ਧੁੰਨਾ ਕਲਰਕ ਬੈਂਕ ਆਫ ਇੰਡੀਆ ਦੇ ਬਿਆਨ ਅਨੁਸਾਰ ਸ.ਥ ਅਮਰੀਕ ਸਿੰਘ 27/ਮੋਗਾ ਥਾਣਾ ਸਿਟੀ ਮੋਗਾ ਵੱਲੋ ਮਕੁੱਦਮਾ ਨੰਬਰ 95 ਮਿਤੀ 22.04.19 ਅ/ਧ 457,380 ਭ.ਦ ਥਾਣਾ ਸਿਟੀ ਮੋਗਾ ਬਨਾਮ ਨਾਮਲੂਮ ਵਿਅਕਤੀਆਂ ਵਿਰੁੱਧ ਦਰਜ ਰਜਿਸਟਰ ਕੀਤਾ ਗਿਆ ਸੀ।

ਸੀਨੀਅਰ ਕਪਤਾਨ ਪੁਲਿਸ ਮੋਗਾ ਨੇ ਅੱਗੇ ਦੱਸਿਆ ਕਿ ਇਸ ਮੁਕੱਦਮਾ ਦੀ ਤਫਤੀਸ਼ ਦੇ ਸਬੰਧ ਵਿੱਚ ਹਰਿੰਦਰਪਾਲ ਸਿੰਘ ਪਰਮਾਰ ਕਪਤਾਨ ਪੁਲਿਸ (ਆਈ) ਅਤੇ ਪਰਮਜੀਤ ਸਿੰਘ ਸੰਧੂ ਉੱਪ ਕਪਤਾਨ ਪੁਲਿਸ ਸਿਟੀ ਮੋਗਾ ਦੀ ਅਗਵਾਈ ਵਿੱਚ ਇੱਕ ਸਪੈਸ਼ਲ ਟੀਮ ਗਠਿਤ ਕੀਤੀ ਗਈ ਸੀ, ਜਿਸ ਵਿੱਚ ਇੰਸਪੈਕਟਰ ਜਗਤਾਰ ਸਿੰਘ ਮੁੱਖ ਅਫ਼ਸਰ ਥਾਣਾ ਸਿਟੀ ਮੋਗਾ ਅਤੇ ਉਸਦੀ ਟੀਮ, ਇੰਸਪੈਕਟਰ ਤਰਲੋਚਨ ਸਿੰਘ ਇੰਚਾਰਜ ਸੀ.ਆਈ.ਏ ਸਟਾਫ਼ ਮੋਗਾ ਅਤੇ ਉਸਦੀ ਟੀਮ ਨੇ ਮਿਲ ਕੇ ਮੁੱਕਦਮਾ ਨੂੰ ਟਰੇਸ ਕਰਨ ਲਈ ਵਿਗਿਆਨਕ ਢੰਗਾਂ ਨਾਲ ਤਫ਼ਤੀਸ਼ ਅਮਲ ਵਿੱਚ ਲਿਆਂਦੀ। ਉਨ੍ਹਾਂ ਦੱਸਿਆ ਕਿ ਤਫਤੀਸ਼ ਦੌਰਾਨ ਮਨਪ੍ਰੀਤ ਸਿੰਘ ਪੁੱਤਰ ਬਲਵਿੰਦਰ ਸਿੰਘ ਕੌਮ ਮਜਬੀ ਸਿੱਖ, ਸਤਨਾਮ ਸਿੰਘ ਉਰਫ ਨਿੱਕਾ ਪੁੱਤਰ ਰਾਜੂ ਉਰਫ ਨਛੱਤਰ ਸਿੰਘ ਕੌਮ ਮਜਬੀ ਸਿੱਖ, ਜਰਨੈਲ ਸਿੰਘ ਉਰਫ਼ ਜੈਲਾ ਪੁੱਤਰ ਪਿਆਰੋ ਸਿੰਘ ਕੌਮ ਮਜਬੀ ਸਿੱਖ ਵਾਸੀਆਨ ਕਲੇਰ ਨਗਰ ਕੋਟਕਪੂਰਾ ਬਾਈਪਾਸ ਮੋਗਾ ਮੁਕੱਦਮਾ ਵਿੱਚ ਹੱਕੀ ਦੋਸ਼ੀ ਨਾਮਜਦ ਹੋਏ।

ਅੱਜ ਮਿਤੀ 24.04.19 ਨੂੰ ਦੋਸ਼ੀਆਨ ਉਕਤਾਨ ਬਾਰੇ ਗੁਪਤ ਸੂਚਨਾ ਮਿਲਣ ਪਰ ਇੰਸਪੈਕਟਰ ਬਲਰਾਜ ਮੋਹਣ ਵਧੀਕ ਮੁੱਖ ਅਫਸਰ ਥਾਣਾ ਸਿਟੀ ਮੋਗਾ ਨੇ ਸਮੇਤ ਪੁਲਿਸ ਪਾਰਟੀ ਕੋਟਕਪੁਰਾ ਬਾਈਪਾਸ ਤੇ ਬਣੇ ਓਵਰਬ੍ਰਿਜ ਪਾਸ ਨਾਕਾਬੰਦੀ ਕੀਤੀ। ਨਾਕਾਬੰਦੀ ਦੌਰਾਨ ਉਕਤ ਤਿੰਨੇ ਦੋਸ਼ੀ ਮੋਟਰਸਾਇਕਲ ਮਾਰਕਾ ਹੀਰੋ ਹਾਂਡਾ ਸਪਲੈਂਡਰ ਨੰਬਰ ਪੀਬੀ 08-ਡੀ.ਸੀ-2412 'ਤੇ ਸਵਾਰ ਹੋ ਕੇ ਕੋਟਕਪੁਰਾ ਚੌਕ ਵੱਲ ਨੂੰ ਆਉਦੇ ਹੋਏ ਦਿਖਾਈ ਦਿੱਤੇ, ਜਿੰਨ੍ਹਾਂ ਨੂੰ ਇੰਸ. ਬਲਰਾਜ ਮੋਹਣ ਵੱਲੋ ਸਾਥੀ ਕਰਮਚਾਰੀਆਂ ਦੀ ਮੱਦਦ ਨਾਲ ਕਾਬੂ ਕਰਕੇ ਨਾਮ ਪਤਾ ਪੁੱਛ ਕੇ ਗ੍ਰਿਫਤਾਰ ਕੀਤਾ ਗਿਆ। ਪੁੱਛਗਿੱਛ ਦੌਰਾਨ ਦੋਸ਼ੀ ਮਨਪ੍ਰੀਤ ਸਿੰਘ ਉਕਤ ਦੀ ਨਿਸ਼ਾਨਦੇਹੀ 'ਤੇ ਉਸਦੇ ਘਰੋ ਉਕਤ ਬੈਂਕ ਵਿੱਚੋ ਚੋਰੀ ਕੀਤੇ ਹੋਏ 3 ਲੱਖ ਰੁਪਏ ਨਗਦ ਅਤੇ 14 ਪੈਕੇਟ ਗੋਲਡ ਸੋਨਾ ਅਤੇ ਚੋਰੀ ਕਰਨ ਸਮੇ ਬੈਂਕ ਦਾ ਸੇਫ਼ ਖੋਲਣ ਲਈ ਵਰਤੀਆਂ ਹੋਈਆਂ ਤਿੰਨ ਚਾਬੀਆਂ ਬਰਾਮਦ ਹੋਈਆਂ। ਦੂਸਰੇ ਦੋਸ਼ੀ ਜਰਨੈਲ ਸਿੰਘ ਉਰਫ਼ ਜੈਲਾ ਉਕਤ ਦੀ ਨਿਸ਼ਾਨਦੇਹੀ 'ਤੇ ਉਸਦੇ ਘਰੋ ਉਕਤ ਬੈਂਕ ਵਿੱਚੋ ਚੋਰੀ ਕੀਤੇ ਹੋਏ 3 ਲੱਖ ਰੁਪਏ ਨਗਦ ਅਤੇ ਬੈਂਕ ਦਾ ਟੁੱਟਿਆ ਹੋਇਆ ਡੀ.ਵੀ.ਆਰ ਬਰਾਮਦ ਹੋਇਆ ਇਸਤੋ ਇਲਾਵਾ ਮੁਕੱਦਮਾ ਦੇ ਤੀਸਰੇ ਦੋਸ਼ੀ ਸਤਪਾਲ ਸਿੰਘ ਉਰਫ ਨਿੱਕਾ ਉਕਤ ਦੀ ਨਿਸ਼ਾਨਦੇਹੀ ਤੇ ਮੁਕੱਦਮਾ ਦੀ ਤਫਤੀਸ਼ ਦੋਰਾਨ ਉਸਦੇ ਘਰੋ ਵੀ 3 ਲੱਖ ਰੁਪਏ ਨਗਦ ਅਤੇ ਬੈਂਕ ਦੇ ਟੁੱਟੇ ਹੋਏ ਤਿੰਨ ਕੈਮਰੇ, ਇੱਕ ਹਥੋੜਾ ਅਤੇ ਇੱਕ ਰਾਡ ਬਰਾਮਦ ਕੀਤੇ ਗਏ। ਦੋਸ਼ੀਆਨ ਪਾਸੋ ਹੋਰ ਪੁੱਛਗਿੱਛ ਕੀਤੀ ਜਾ ਰਹੀ ਹੈ ਅਤੇ ਤਫਤੀਸ਼ ਦੌਰਾਨ ਹੋਰ ਵੀ ਬਰਾਮਦਗੀ ਹੋਣ ਦੀ ਸੰਭਾਵਨਾ ਹੈ। ਉਨ੍ਹਾਂ ਦੱਸਿਆ ਕਿ ਮੁਕੱਦਮਾ ਦੀ ਤਫਤੀਸ਼ ਡੂੰਘਾਈ ਨਾਲ ਕੀਤੀ ਜਾ ਰਹੀ ਹੈ।



## ਬਹਿਬਲ ਗੋਲੀ ਕਾਂਡ ਕੇਸ ਵਿੱਚ ਸਾਬਕਾ ਐਸ ਐਸ ਪੀ ਦੇ ਖਿਲਾਫ ਚਾਲਾਨ ਪੇਸ਼

ਫਰੀਦਕੋਟ, 25 ਅਪ੍ਰੈਲ (ਪੋਸਟ ਬਿਊਰੋ)- ਪੰਜਾਬ ਪੁਲਸ ਦੀ ਵਿਸ਼ੇਸ਼ ਜਾਂਚ ਟੀਮ (ਐਸ ਆਈ ਟੀ) ਨੇ ਬਰਗਾੜੀ ਵਾਲੇ ਬੇਅਦਬੀ ਕੇਸ ਨਾਲ ਸੰਬੰਧਤ ਬਹਿਬਲ ਗੋਲੀਕਾਂਡ ਦੀ ਘਟਨਾ ਵਿੱਚ ਮੋਗਾ ਦੇ ਸਾਬਕਾ ਐਸ ਐਸ ਪੀ ਚਰਨਜੀਤ ਸਿੰਘ ਸ਼ਰਮਾ ਦੇ ਖਿਲਾਫ ਅਦਾਲਤ ਵਿੱਚ ਚਾਲਾਨ ਪੇਸ਼ ਕਰ ਦਿੱਤਾ ਹੈ।

ਐਸ ਆਈ ਟੀ ਵੱਲੋਂ ਜੂਨੀਅਰ ਮੈਜਿਸਟਰੇਟ ਚੇਤਨ ਸ਼ਰਮਾ ਦੀ ਅਦਾਲਤ ਵਿੱਚ ਦਾਇਰ ਕੀਤੇ ਕੁੱਲ 792 ਪੇਜ਼ ਦੇ ਚਾਲਾਨ ਵਿੱਚ ਹਾਲੇ ਸਾਬਕਾ ਐਸ ਐਸ ਪੀ ਦੇ ਖਿਲਾਫ ਚਾਲਾਨ ਪੇਸ਼ ਕੀਤਾ ਗਿਆ ਹੈ, ਜਦ ਕਿ ਬਾਕੀ ਦੋਸ਼ੀਆਂ ਦੇ ਖਿਲਾਫ ਬਾਅਦ ਵਿੱਚ ਸਪਲੀਮੈਂਟਰੀ ਚਾਲਾਨ ਪੇਸ਼ ਕੀਤਾ ਜਾਵੇਗਾ। ਬਰਗਾੜੀ ਮਾਮਲੇ ਨਾਲ ਸੰਬੰਧਤ ਬਹਿਬਲ ਕਲਾਂ ਤੇ ਕੋਟਕਪੂਰਾ ਗੋਲੀ



ਕਾਂਡ ਦੀਆਂ ਘਟਨਾਵਾਂ ਦੀ ਜਾਂਚ ਕਰ ਰਹੀ ਐਸ ਆਈ ਟੀ ਨੇ ਬਹਿਬਲ ਕਲਾਂ ਕੇਸ ਵਿੱਚ 27 ਜਨਵਰੀ 2019 ਨੂੰ ਸਾਬਕਾ ਐਸ ਐਸ ਪੀ ਚਰਨਜੀਤ ਸਿੰਘ ਸ਼ਰਮਾ ਨੂੰ ਉਨ੍ਹਾਂ ਦੇ ਹੁਸ਼ਿਆਰਪੁਰ ਵਾਲੇ ਘਰ ਤੋਂ ਗ੍ਰਿਫਤਾਰ ਕੀਤਾ ਸੀ ਤੇ ਇਨ੍ਹਾਂ ਦਿਨਾਂ ਵਿੱਚ ਉਹ ਜੁਡੀਸ਼ਲ ਹਿਰਾਸਤ ਦੇ ਕਾਰਨ ਜੇਲ੍ਹ ਵਿੱਚ ਬੰਦ ਹਨ। ਨਿਯਮ ਦੇ ਮੁਤਾਬਕ ਗ੍ਰਿਫਤਾਰੀ ਦੇ 90 ਦਿਨ ਦੇ ਅੰਦਰ ਦੋਸ਼ੀ ਦੇ ਖਿਲਾਫ ਚਾਲਾਨ ਪੇਸ਼ ਨਾ ਹੋਣ 'ਤੇ ਉਸ ਨੂੰ ਜ਼ਮਾਨਤ ਮਿਲ ਜਾਂਦੀ ਹੈ, ਜਿਸ ਦੇ ਕਾਰਨ ਐਸ ਆਈ ਟੀ ਨੇ ਉਨ੍ਹਾਂ ਦੇ ਖਿਲਾਫ 90 ਦਿਨ ਪੂਰੇ ਹੋਣ ਤੋ ਪਹਿਲਾ ਚਾਲਾਨ ਪੇਸ਼ ਕੀਤਾ ਹੈ।

ਵਰਨਣ ਯੋਗ ਕਿ ਬਹਿਬਲ ਗੋਲੀ ਕਾਂਡ ਦੀ ਘਟਨਾ 14 ਅਕਤੂਬਰ 2015 ਨੂੰ ਹੋਈ ਸੀ, ਜਦੋਂ ਪੁਲਸ ਫਾਇਰਿੰਗ ਦੇ ਦੌਰਾਨ ਦੋ ਸਿੱਖ ਨੌਜਵਾਨਾਂ ਕਿਸ਼ਨ ਭਗਵਾਨ ਸਿੰਘ ਅਤੇ ਗੁਰਜੀਤ ਸਿੰਘ ਦੀ ਮੌਤ ਹੋ ਗਈ ਸੀ। ਘਟਨਾ ਦੇ ਸੱਤ ਦਿਨ ਬਾਅਦ 21 ਅਕਤੂਬਰ 2015 ਨੂੰ ਅਣਪਛਾਤੀ ਪੁਲਸ ਪਾਰਟੀ ਦੇ ਖਿਲਾਫ ਕਤਲ ਕੇਸ ਦਰਜ ਕੀਤਾ ਗਿਆ ਤੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਦੇ ਆਧਾਰ 'ਤੇ ਕੇਸ ਵਿੱਚ ਪਿਛਲੇ ਸਾਲ ਚਰਨਜੀਤ ਸਿੰਘ ਸ਼ਰਮਾ ਸਮੇਤ ਚਾਰ ਪੁਲਸ ਅਧਿਕਾਰੀਆਂ ਨੂੰ ਨਾਮਜ਼ਦ ਕੀਤਾ ਗਿਆ।

## ਰਜਤ ਸ਼ਰਮਾ ਨੂੰ ਡੀ ਡੀ ਸੀ ਏ ਤੋਂ ਹਟਾਉਣ ਲਈ ਅੱਠ ਮੈਂਬਰਾਂ ਨੇ ਮਤੇ 'ਤੇ ਦਸਤਖ਼ਤ ਕੀਤੇ



ਨਵੀਂ ਦਿੱਲੀ, 25 ਅਪ੍ਰੈਲ (ਪੋਸਟ ਬਿਊਰੋ)- ਦਿੱਲੀ ਅਤੇ ਜ਼ਿਲਾ ਕ੍ਰਿਕਟ ਐਸੋਸੀਏਸ਼ਨ (ਡੀ ਡੀ ਸੀ ਏ) ਦੇ ਪ੍ਰਧਾਨ ਰਜਤ ਸ਼ਰਮਾ ਦੀਆਂ ਮੁਸ਼ਕਿਲਾਂ ਵਧ ਸਕਦੀਆਂ ਹਨ। ਡੀ ਡੀ ਸੀ ਏ ਦੇ ਡਾਇਰੈਕਟਰ ਬੋਰਡ ਦੇ ਅੱਠ ਮੈਂਬਰਾਂ ਨੇ ਰਜਤ ਸ਼ਰਮਾ ਦੀਆਂ ਸਾਰੀਆਂ ਸ਼ਕਤੀਆਂ ਨੂੰ ਵਾਪਸ ਲੈਣ ਲਈ ਇਕ ਸਾਂਝੇ ਮਤੇ 'ਤੇ ਦਸਤਖ਼ਤ ਕੀਤੇ ਹਨ।

ਬੋਰਡ ਆਫ ਡਾਇਰੈਕਟਰਜ਼ ਵਿੱਚ ਸਰਕਾਰ ਦੇ ਪ੍ਰਤੀਨਿਧੀ ਗੌਤਮ ਗੰਭੀਰ ਸਮੇਤ ਅੱਠ ਹੋਰਾਂ ਨੇ ਇਸ ਮਤੇ ਉਤੇ ਦਸਤਖ਼ਤ ਨਹੀਂ ਕੀਤੇ। ਇਸ ਬੋਰਡ ਵਿੱਚ ਕੁੱਲ 16 ਮੈਂਬਰ ਹਨ ਅਤੇ ਇਹ ਬੋਰਡ ਡੀ ਡੀ ਸੀ ਏ ਦੀ ਫੈਸਲੇ ਲੈਣ ਵਾਲੀ ਯੂਨਿਟ ਹੈ। ਅੱਠ ਮੈਂਬਰਾਂ ਦੇ ਇਸ ਮਤੇ 'ਤੇ ਦਸਤਖ਼ਤ ਕਰਨ ਨਾਲ ਰਜਤ ਸ਼ਰਮਾ ਨੂੰ ਸੁਚਾਰੂ ਰੂਪ ਨਾਲ ਕਾਰਜ ਕਰਨ ਵਿੱਚ ਪਰੇਸ਼ਾਨੀ ਆ ਸਕਦੀ ਹੈ। ਬੀਤੇ ਦਿਨੀਂ ਹੋਈ ਬੈਠਕ ਦੌਰਾਨ ਜਿਨ੍ਹਾਂ ਮੈਂਬਰਾਂ ਨੇ ਮਤੇ 'ਤੇ ਦਸਖਤ ਕੀਤੇ, ਉਨ੍ਹਾਂ ਵਿੱਚ ਵਿਨੋਦ ਤਿਹਾਰਾ, ਰਾਜਨ ਮਨਚੰਦਾ, ਸੰਜੇ ਭਾਰਦਵਾਜ, ਆਲੋਕ ਮਿੱਤਲ, ਅਪੂਰਵ ਗੁਪਤਾ, ਐਸ ਐਨ ਸ਼ਰਮਾ, ਸੁਧੀਰ ਅਗਰਵਾਲ ਅਤੇ ਨਿਤਿਨ ਗੁਪਤਾ ਸ਼ਾਮਲ ਹਨ। ਤਿਹਾਰਾ ਅਤੇ ਸਾਬਕਾ ਕ੍ਰਿਕਟਰ ਭਾਰਦਵਾਜ ਸ਼ੁਰੂਆਤ ਤੋਂ ਰਜਤ ਸ਼ਰਮਾ ਦੇ ਵਿਰੋਧੀ ਰਹੇ ਹਨ। ਉਨ੍ਹਾਂ ਨੇ ਕਿਹਾ ਸੀ ਕਿ ਉਨ੍ਹਾਂ ਨੂੰ ਰਜਤ ਸ਼ਰਮਾ ਦੇ ਕੰਮਕਾਜ ਦਾ ਤਰੀਕਾ ਪਸੰਦ ਨਹੀਂ ਹੈ।

## ਸ਼ਹੀਦੀ ਸਮਾਰਕ ਹੁਸੈਨੀਵਾਲਾ ਦਾ ਸੁੰਦਰੀਕਰਨ: ਸੈਲਾਨੀ ਕੇਂਦਰ ਵਜੋਂ ਹੋਵੇਗਾ ਵਿਕਸਿਤ



ਫ਼ਿਰੋਜ਼ਪੁਰ, 25 ਅਪ੍ਰੈਲ (ਗਿਆਨ ਸਿੰਘ): ਹੁਸੈਨੀਵਾਲਾ ਬਾਰਡਰ ਤੇ ਸਥਿਤ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਸ਼ਹੀਦੀ ਸਮਾਰਕ ਦੇ ਸੁੰਦਰੀਕਰਨ ਅਤੇ ਸੈਲਾਨੀ ਕੇਂਦਰ ਵਜੋਂ ਵਿਕਸਿਤ ਕਰਨ ਲਈ ਮੰਗਲਵਾਰ ਨੂੰ ਹੁਸੈਨੀਵਾਲਾ ਮੈਮੋਰੀਅਲ ਟਰੱਸਟ ਦੀ ਇੱਕ ਮੀਟਿੰਗ ਡਵੀਜ਼ਨਲ ਕਮਿਸ਼ਨਰ ਕਮ ਟਰੱਸਟ ਦੇ ਚੇਅਰਮੈਨ ਸ਼੍ਰੀ ਸੁਮੇਰ ਸਿੰਘ ਗੁਰਜ਼ਰ ਦੀ ਅਗਵਾਈ ਹੇਠ ਹੋਈ। ਮੀਟਿੰਗ ਵਿਚ ਡਿਪਟੀ ਕਮਿਸ਼ਨਰ ਸ਼੍ਰੀ ਚੰਦਰ ਗੈਂਦ, ਐਸ.ਡੀ.ਐਮ ਅਮਿੱਤ ਗੁਪਤਾ, ਸਹਾਇਕ ਕਮਿਸ਼ਨਰ ਰਣਜੀਤ ਸਿੰਘ ਵੀ ਹਾਜ਼ਰ ਸਨ।

ਟਰੱਸਟ ਚੇਅਰਮੈਨ ਸ਼੍ਰੀ ਸੁਮੇਰ ਸਿੰਘ ਗੁਰਜ਼ਰ ਨੇ ਕਿਹਾ ਕਿ ਨੌਜਵਾਨ ਪੀੜੀ ਨੂੰ ਸਾਡੇ ਸ਼ਹੀਦਾਂ ਦੀਆਂ ਕੁਰਬਾਨੀਆਂ ਤੋਂ ਜਾਣੂ ਕਰਵਾਉਣਾ ਸਾਡੀ ਸਾਰਿਆਂ ਦੀ ਜ਼ਿੰਮੇਵਾਰੀ ਹੈ। ਫ਼ਿਰੋਜ਼ਪੁਰ ਵਿਚ ਸ਼ਹੀਦੀ ਸਮਾਰਕ ਦਾ ਇੱਕ ਪਵਿੱਤਰ ਸਥਾਨ ਹੈ, ਜਿੱਥੇ ਵੱਡੀ ਗਿਣਤੀ ਵਿਚ ਲੋਕ ਨਤਮਸਤਕ ਹੋਣ ਲਈ ਪਹੁੰਚਦੇ ਹਨ। ਉਨ੍ਹਾਂ ਕਿਹਾ ਕਿ ਇਸ ਸਥਾਨ ਨੂੰ ਸੈਲਾਨੀ ਕੇਂਦਰ ਵਜੋਂ ਵਿਕਸਿਤ ਕਰਨ ਅਤੇ ਇਸ ਦੇ ਸੁੰਦਰੀਕਰਨ ਨਾਲ ਸਬੰਧਿਤ ਹੋਣ ਵਾਲੇ ਕੰਮਾਂ ਨੂੰ ਲੈ ਕੇ ਟਰੱਸਟ ਦੇ ਅਧਿਕਾਰੀਆਂ ਨਾਲ ਬੈਠਕ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਸ਼ਹੀਦੀ ਸਮਾਰਕ ਤੇ ਲੈਂਡਸਕੇਪਿੰਗ, ਲਾਈਟਿੰਗ ਸਮੇਤ ਕਈ ਤਰ੍ਹਾਂ ਦੇ ਕੰਮ ਕਰਵਾਏ ਜਾਣਗੇ ਤਾਂ ਜੋ ਸਮਾਰਕ ਨੌਜਵਾਨਾਂ ਲਈ ਵੀ ਖਿੱਚ ਦਾ ਕੇਂਦਰ ਬਣੇ। ਦੂਰ-ਦੂਰ ਤੋਂ ਜਿੱਥੇ ਲੋਕ ਇੱਥੇ ਮੱਥਾ ਟੇਕਣ ਲਈ ਆਉਂਦੇ ਹਨ ਅਤੇ ਉੱਥੇ ਸੁੰਦਰੀਕਰਨ ਦੇ ਕੰਮਾਂ ਤੋਂ ਬਾਅਦ ਇੱਥੇ ਹੋਰ ਸੈਲਾਨੀ ਆਉਣ ਲੱਗਣਗੇ। ਉਨ੍ਹਾਂ ਟਰੱਸਟ ਨਾਲ ਸਬੰਧਿਤ ਅਧਿਕਾਰੀਆਂ ਨੂੰ ਜਲਦ ਤੋਂ ਜਲਦ ਸੁੰਦਰੀਕਰਨ ਨਾਲ ਸਬੰਧਿਤ ਪਲਾਨ ਨੂੰ ਤਿਆਰ ਕਰਨ ਦੇ ਨਿਰਦੇਸ਼ ਦਿੱਤੇ ਅਤੇ ਕਿਹਾ ਕਿ ਪਲਾਨ ਫਾਈਲ ਕਰਨ ਲਈ ਕੁੱਝ ਦਿਨਾਂ ਬਾਅਦ ਇੱਕ ਹੋਰ ਮੀਟਿੰਗ ਕੀਤੀ ਜਾਵੇਗੀ।

Tax & Accounting
ਟੈਕਸ ਕਿਵੇਂ ਤੇ ਕਿਥੇ ਬਚਾਇਆ ਜਾ ਸਕਦਾ ਹੈ?
•TAX •HST REBATE •CORPORATION SET UP
•ACCOUNTING •BUSINESS LOAN
CA CPA
info@cagrover.com
ਇਮਾਨਦਾਰ ਤੇ ਭਰੋਸੇ ਯੋਗ ਸੇਵਾਵਾਂ ਲਈ ਕਾਲ ਕਰੋ:905.247.0193
148-2960 Drew Road, Mississauga ON L4T 0A5
Harcharan S. Grover



## ਸਾਧਵੀ ਪ੍ਰੱਗਿਆ ਦੇ ਚੋਣ ਲੜਨ ਉੱਤੇ ਰੋਕ ਵਾਲੀ ਪਟੀਸ਼ਨ ਰੱਦ


ਮੁੰਬਈ, 25 ਅਪ੍ਰੈਲ (ਪੋਸਟ ਬਿਊਰੋ)- ਕੌਮੀ ਜਾਂਚ ਏਜੰਸੀ (ਐੱਨ ਆਈ ਏ) ਦੀ ਇੱਕ ਵਿਸ਼ੇਸ਼ ਅਦਾਲਤ ਨੇ ਕੱਲ੍ਹ ਉਸ ਪਟੀਸ਼ਨ ਨੂੰ ਰੱਦ ਕਰ ਦਿੱਤਾ, ਜਿਸ ਵਿੱਚ ਸਾਧਵੀ ਪ੍ਰੱਗਿਆ 'ਤੇ ਲੋਕ ਸਭਾ ਚੋਣਾਂ ਲੜਨ 'ਤੇ ਰੋਕ ਲਗਾਉਣ ਦੀ ਮੰਗ ਕੀਤੀ ਗਈ ਸੀ। ਇਹ ਪਟੀਸ਼ਨ ਸਾਲ 2008 ਵਿੱਚ ਹੋਏ ਮਾਲੇਗਾਓਂ ਧਮਾਕੇ ਵਿੱਚ ਮਾਰੇ ਗਏ ਨੌਜਵਾਨ ਦੇ ਪਿਤਾ ਨੇ ਕੀਤੀ ਸੀ। ਇਸ ਮਾਮਲੇ ਵਿੱਚ ਸਾਧਵੀ ਦੋਸ਼ੀ ਹੈ ਅਤੇ ਫਿਲਹਾਲ ਉਹ ਜ਼ਮਾਨਤ 'ਤੇ ਬਾਹਰ



ਆਈ ਹੋਈ ਹੈ।

ਅਦਾਲਤ ਨੇ ਕਿਹਾ ਕਿ ਕਿਸੇ ਨੂੰ ਚੋਣਾਂ ਲੜਨ ਤੋਂ ਰੋਕਣ ਦੀਆਂ ਸ਼ਕਤੀਆਂ ਉਸ ਕੋਲ ਨਹੀਂ ਤੇ ਇਸ ਬਾਰੇ ਫੈਸਲਾ ਕਰਨਾ ਚੋਣ ਅਧਿਕਾਰੀਆਂ ਦਾ ਕੰਮ ਹੈ। ਇਹ ਅਦਾਲਤ ਕਿਸੇ ਮੁਲਜ਼ਮ ਨੂੰ ਚੋਣਾਂ ਲੜਨ ਤੋਂ ਨਹੀਂ ਰੋਕ ਸਕਦੀ। ਮਾਲੇਗਾਓਂ ਧਮਾਕੇ ਵਿੱਚ ਆਪਣਾ ਪੁੱਤਰ ਗਵਾ ਚੁੱਕੇ ਨਿਸਾਰ ਸਈਅਦ ਨੇ ਸਾਧਵੀ ਨੂੰ ਚੋਣਾਂ ਲੜਨ ਤੋਂ ਰੋਕਣ ਲਈ ਪਿਛਲੇ ਹਫਤੇ ਅਦਾਲਤ ਵਿੱਚ ਪਹੁੰਚ ਕੀਤੀ ਸੀ। ਆਪਣੀ ਪਟੀਸ਼ਨ ਵਿੱਚ ਉਨ੍ਹਾਂ ਇਹ ਕਿਹਾ ਸੀ ਕਿ ਸਾਧਵੀ ਦੀ ਜ਼ਮਾਨਤ ਰੱਦ ਕਰਨ ਦੀ ਮੰਗ ਵਾਲੀ ਇੱਕ ਪਟੀਸ਼ਨ ਸੁਪਰੀਮ ਕੋਰਟ ਵਿੱਚ ਪਈ ਹੈ। ਜਾਂਚ ਏਜੰਸੀ ਦੀ ਵਿਸ਼ੇਸ਼ ਅਦਾਲਤ ਨੇ ਇਹ ਪਟੀਸ਼ਨ ਰੱਦ ਕਰਦਿਆਂ ਕਿਹਾ ਕਿ ਵਕੀਲ ਇਸ ਗੱਲ ਨੂੰ ਜਾਣਦੇ ਹਨ ਕਿ ਇਸ ਪਟੀਸ਼ਨ ਲਈ ਇਹ ਥਾਂ ਠੀਕ ਨਹੀਂ ਹੈ। ਪ੍ਰੱਗਿਆ ਦੇ ਵਕੀਲ ਨੇ ਅਦਾਲਤ ਨੂੰ ਕਿਹਾ ਕਿ ਉਹ ਇੱਕ ਵਿਚਾਰਧਾਰਾ ਅਤੇ ਦੇਸ਼ ਦੇ ਹਿੱਤ ਲਈ ਚੋਣਾਂ ਲੜ ਰਹੀ ਹੈ।

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ




JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992
Join and Represent Us
VISITOR TO CANADA INSURANCE
TRAVEL OUT INSURANCE
INTERNATIONAL STUDENT INSURANCE
OTHER INSURANCE PRODUCTS
905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
Minimum 1 year experience & Trained mechanic
•6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ •Biweekly payment
•Homely Environment •ਵਧੀਆ ਤਨਖਾਹ
Also need Body Shop Mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.533.1100/416.278.7181 (9am to 6pm)



# ਸੰਪਾਦਕੀ

## ਕੈਨੇਡਾ ਵਿੱਚ ਨੌਜਵਾਨ ਔਰਤਾਂ ਦੇ ਘੱਟ ਬੱਚੇ ਜੰਮਣ ਦੇ ਨਤੀਜੇ

ਕੈਨੇਡਾ ਦੇ ਅੰਕੜਾ ਵਿਭਾਗ ਮੁਤਾਬਕ ਕੈਨੇਡਾ ਵਿੱਚ ਕਿਸ ਉਮਰ ਦੀਆਂ ਔਰਤਾਂ ਕਿਸ ਦਰ ਵਿੱਚ ਬੱਚੇ ਜਨਮਦੀਆਂ ਹਨ, ਉਸ ਰੁਝਾਨ ਵਿੱਚ ਵੱਡੀ ਤਬਦੀਲੀ ਵੇਖਣ ਨੂੰ ਮਿਲ ਰਹੀ ਹੈ। ਸਾਲ 2000 ਤੋਂ 2017 ਤੱਕ ਦੇ ਇਕੱਤਰ ਕੀਤੇ ਗਏ ਅੰਕੜੇ ਦੱਸਦੇ ਹਨ ਕਿ 30 ਸਾਲ ਤੋਂ ਘੱਟ ਉਮਰ ਦੀਆਂ ਔਰਤਾਂ ਦੇ ਬੱਚੇ ਜੰਮਣ ਦੀ ਦਰ ਨਿਊ ਬਰੱਨਸਵਿਕ ਨੂੰ ਛੱਡ ਕੇ ਹਰ ਪ੍ਰੋਵਿੰਸ ਅਤੇ ਟੈਰੀਟੋਰੀ ਵਿੱਚ ਘੱਟ ਹੋਈ ਹੈ। ਇਸਦੇ ਉਲਟ 30 ਸਾਲ ਤੋਂ ਵੱਧ ਉਮਰ ਦੀਆਂ ਔਰਤਾਂ ਵਿੱਚ ਬੱਚੇ ਜੰਮਣ ਦੀ ਦਰ ਨੁਨਾਵੱਤ ਨੂੰ ਛੱਡ ਕੇ ਹਰ ਖੇਤਰ ਵਿੱਚ ਵੱਧ ਪਾਈ ਗਈ ਹੈ। ਚੰਗੀ ਗੱਲ ਇਹ ਹੈ ਕਿ ਨਿੱਕੀ ਉਮਰ (15 ਤੋਂ 19 ਸਾਲ) ਦੀਆਂ ਲੜਕੀਆਂ ਵਿੱਚ ਬੱਚੇ ਜੰਮਣ ਦੀ ਦਰ ਵਿੱਚ 50% ਗਿਰਾਵਟ ਆਈ ਹੈ। ਛੋਟੀ ਉਮਰ ਦੀਆਂ ਲੜਕੀਆਂ ਵਿੱਚ ਬੱਚੇ ਜੰਮਣ ਦੀ ਦਰ ਵਿੱਚ ਕਮੀ ਦਾ ਕਾਰਣ ਬਿਹਤਰ ਸੈਕਸ ਐਜੁਕੇਸ਼ਨ ਹੈ। ਇਸਦੇ ਉਲਟ 35 ਤੋਂ 39 ਸਾਲ ਦੀਆਂ ਔਰਤਾਂ ਵਿੱਚ ਬੱਚੇ ਜੰਮਣ ਦੀ ਦਰ ਵਿੱਚ 60% ਵਾਧਾ ਰਿਕਾਰਡ ਕੀਤਾ ਗਿਆ। ਇਹ ਨਤੀਜੇ ਯੂਨੀਵਰਸਿਟੀ ਆਫ ਕੈਲਗਰੀ ਦੇ ਸਕੂਲ ਆਫ ਪਬਲਿਕ ਪਾਲਸੀ ਦੇ ਪ੍ਰੋਫੈਸਰ ਰੌਨ ਨੀਬੋਨ ਵੱਲੋਂ ਕੀਤੀ ਪੁਣਛਾਣ ਦੇ ਆਧਾਰ ਉੱਤੇ ਪ੍ਰਾਪਤ ਹੋਏ ਹਨ।

ਔਰਤਾਂ ਵੱਲੋਂ ਬੱਚੇ ਜੰਮਣ ਵਿੱਚ ਦੇਰ ਕਰਨ ਦੇ ਫੈਸਲੇ ਪਿੱਛੇ ਕਈ ਕਾਰਣ ਕੰਮ ਕਰਦੇ ਹਨ। ਇਹਨਾਂ ਵਿੱਚ ਪ੍ਰੋਫੈਸ਼ਨਲ ਔਰਤਾਂ ਦਾ ਆਪਣੇ ਕੈਰੀਅਰ ਨੂੰ ਸਥਾਪਤ ਕਰਨ ਵਿੱਚ ਵਧੇਰੇ ਧਿਆਨ ਹੋਣਾ, ਹਾਊਸਿੰਗ ਦੀਆਂ ਕੀਮਤਾਂ ਵਿੱਚ ਬੇਤਹਾਸ਼ਾ ਵਾਧਾ, ਚਾਈਲਡ ਕੇਅਰ ਕੀਮਤਾਂ ਦਾ ਆਮ ਕੈਨੇਡੀਅਨ ਦੀ ਪਹੁੰਚ ਤੋਂ ਲਗਾਤਾਰ ਬਾਹਰ ਹੁੰਦੇ ਜਾਣਾ ਸ਼ਾਮਲ ਹਨ। ਇਸ ਸਟੱਡੀ ਮੁਤਾਬਕ ਕੈਨੇਡਾ ਵਿੱਚ ਮੂਲਵਾਸੀ ਔਰਤਾਂ ਵਿੱਚ ਬੱਚੇ ਜੰਮਣ ਦੀ ਦਰ ਹਾਲੇ ਵੀ ਚੰਗੀ ਹੈ। ਮਿਸਾਲ ਵਜੋਂ ਨੁਨਾਵੱਤ ਵਿੱਚ ਇੱਕ ਔਰਤ ਵੱਲੋਂ ਬੱਚੇ ਜਨਣ ਦੀ ਦਰ 2.9 ਬੱਚੇ ਹੈ ਜਿਸ ਕਾਰਣ ਉੱਥੇ ਜਨਸੰਖਿਆ ਵਿੱਚ ਪਿਛਲੇ ਸਾਲ 12.5% ਵਾਧਾ ਹੋਇਆ। ਇਸਦੇ ਉਲਟ ਕੈਨੇਡਾ ਵਿੱਚ ਇੱਕ ਔਰਤ ਦੀ ਬੱਚੇ ਜੰਮਣ ਦੀ ਔਸਤ 1.6 ਬੱਚੇ ਹੈ। ਜ਼ਿਕਰਯੋਗ ਹੈ ਕਿ ਨੂਨਾਵੱਤ ਵਿੱਚ ਕੈਨੇਡਾ ਦੀ ਸੱਭ ਤੋਂ ਵੱਧ ਮੂਲਵਾਸੀ ਜਨਸੰਖਿਆ ਵੱਸਦੀ ਹੈ।

ਜਦੋਂ ਅਸੀਂ ਕੈਨੇਡਾ ਵਿੱਚ ਜਨਸੰਖਿਆ ਦੇ ਮੁੱਦੇ ਉੱਤੇ ਗੱਲ ਕਰਦੇ ਹਾਂ ਤਾਂ ਇਸਦੀ ਸੂਈ ਸੁਭਾਵਿਕ ਹੀ ਇੰਮੀਗਰੇਸ਼ਨ ਉੱਤੇ ਜਾ ਟਿਕਦੀ ਹੈ। 1 ਜੁਲਾਈ 2018 ਨੂੰ ਕੈਨੇਡਾ ਦੀ ਜਨਸੰਖਿਆ 37 ਮਿਲੀਅਨ ਹੋ ਗਈ ਸੀ ਕਿਉਂਕਿ 1 ਜੁਲਾਈ 2017 ਤੋਂ 1 ਜੁਲਾਈ 2018 ਤੱਕ ਸਾਡੀ ਜਨਸੰਖਿਆ ਵਿੱਚ 5 ਲੱਖ 18 ਹਜ਼ਾਰ ਦਾ ਵਾਧਾ ਦਰਜ਼ ਕੀਤਾ ਗਿਆ। ਇਸ ਵਾਧੇ ਵਿੱਚ 4 ਲੱਖ 12 ਹਜ਼ਾਰ ਇੰਮੀਗਰਾਂਟ, ਰਿਫਿਊਜੀ ਅਤੇ ਅਮਰੀਕਾ ਤੋਂ ਆਉਣ ਵਾਲੇ ਰਿਫਿਊਜੀ ਕਲੇਮੈਂਟ ਸ਼ਾਮਲ ਸਨ। ਇੱਕਲੇ ਅਮਰੀਕਾ ਦੇ ਰਸਤੇ ਆਉਣ ਵਾਲੇ ਰਿਫਿਊਜੀ ਕਲੇਮੈਂਟਾਂ ਦੀ ਹੀ ਗਿਣਤੀ 34,854 ਰਹੀ। ਪਿਛਲੇ 47 ਸਾਲਾਂ ਵਿੱਚ ਇਹ ਪਹਿਲੀ ਵਾਰ ਸੀ ਕਿ ਕੈਨੇਡਾ ਦੀ ਜਨਸੰਖਿਆ ਵਿੱਚ ਐਨਾ ਵੱਡਾ ਵਾਧਾ ਨੋਟਿਸ ਕੀਤਾ ਗਿਆ।

ਨੋਟ ਕਰਨ ਵਾਲੀ ਗੱਲ ਇਹ ਵੀ ਹੈ ਕਿ ਕੈਨੇਡਾ ਦੀ ਜਨਸੰਖਿਆ ਵਿੱਚ ਕੁਦਰਤੀ ਰੂਪ ਵਿੱਚ ਹੋਣ ਵਾਲੇ ਜਨਮਾਂ ਦੇ ਆਧਾਰ ਉੱਤੇ ਹੋਣ ਵਾਲੇ ਵਾਧੇ ਵਿੱਚ (ਭਾਵ ਕੈਨੇਡਾ ਵਿੱਚ ਜੰਮਣ ਵਾਲੇ ਬੱਚਿਆਂ ਦੇ ਆਧਾਰ ਉੱਤੇ ਹੋਇਆ ਵਾਧਾ) ਕਮੀ ਆਈ ਹੈ। ਪਿਛਲੇ ਸਾਲ ਸਾਡੇ ਦੇਸ਼ ਵਿੱਚ ਕੁੱਲ 3 ਲੱਖ 85 ਹਜ਼ਾਰ 777 ਬੱਚੇ ਜੰਮੇ ਜਦੋਂ ਕਿ 2 ਲੱਖ 79 ਹਜ਼ਾਰ 936 ਲੋਕਾਂ ਦੀਆਂ ਮੌਤਾਂ ਹੋਈਆਂ, ਜਿਸਦਾ ਅਰਥ ਹੈ ਕਿ ਅਸਲ ਵਿੱਚ ਕੈਨੇਡੀਅਨ ਪੈਦਾਇਸ਼ ਦੇ ਸਹਾਰੇ ਸਾਡੀ ਜਨਸੰਖਿਆ ਵਿੱਚ ਸਿਰਫ਼ 1 ਲੱਖ 5 ਹਜ਼ਾਰ 841 ਦਾ ਵਾਧਾ ਹੋਇਆ।

ਕੈਨੇਡਾ ਵਿੱਚ ਬੱਚੇ ਜੰਮਣ ਅਤੇ ਇੰਮੀਗਰੇਸ਼ਨ ਸਹਾਰੇ ਜਨਸੰਖਿਆ ਵੱਧਣ ਦੇ ਅਨੁਪਾਤ ਦੇ ਪਾਲਸੀ ਘਾੜਿਆ ਲਈ ਗਹਿਰੇ ਅਰਥ ਹਨ। ਉਹਨਾਂ ਨੂੰ ਵੇਖਣਾ ਹੋਵੇਗਾ ਕਿ ਵੱਡੀ ਉਮਰ ਦੀਆਂ ਔਰਤਾਂ ਦੇ ਬੱਚੇ ਜੰਮਣ ਨਾਲ ਆਉਣ ਵਾਲੇ ਸਾਲਾਂ ਵਿੱਚ ਸਿਹਤ ਸਿਸਟਮ ਉੱਤੇ ਕਿਹੋ ਜਿਹਾ ਪ੍ਰਭਾਵ ਪਵੇਗਾ? ਕੀ ਕੈਨੇਡਾ ਨੂੰ ਆਪਣਾ ਇੰਮੀਗਰੇਸ਼ਨ ਸਿਸਟਮ ਸਿਰਫ਼ ਨੰਬਰਾਂ ਦੀ ਖੇਡ ਰੱਖਣਾ ਹੋਵੇਗਾ ਜਾਂ ਅਜਿਹੀਆਂ ਪਾਲਸੀਆਂ ਬਣਾਉਣ ਦੀ ਲੋੜ ਹੋਵੇਗੀ ਕਿ ਇੰਮੀਗਰੇਸ਼ਨ ਰਾਹੀਂ ਹੋਣ ਵਾਲਾ ਵਾਧਾ ਸਾਵਾਂ ਰਹੇ। ਅਜਿਹਾ ਕੀ ਕੀਤਾ ਜਾਵੇ ਕਿ ਵਿਸ਼ਵ ਦੇ ਉਹਨਾਂ ਖਿੱਤਿਆਂ ਵਿੱਚੋਂ ਪਰਵਾਸ ਵਧੇ ਜਿੱਥੇ ਤੋਂ ਵਰਤਮਾਨ ਵਿੱਚ ਇੰਮੀਗਰਾਂਟ ਘੱਟ ਆਉਂਦੇ ਹਨ। ਪਾਲਸੀ ਘਾੜਿਆਂ ਲਈ ਸੁਆਲ ਇਹ ਵੀ ਰਹੇਗਾ ਕਿ ਕੈਨੇਡਾ ਵਿੱਚ ਕੈਨੇਡੀਅਨ ਬੱਚਿਆਂ ਦੇ ਜੰਮਣ ਦੀ ਦਰ ਵਿੱਚ ਆ ਰਹੀ ਗਿਰਾਵਟ ਨੂੰ ਠੱਲ ਕਿਵੇਂ ਪਾਈ ਜਾਵੇ। ਆਖਰ ਨੂੰ ਦਰ-ਘਰ ਦੇ ਜੰਮੇ ਜਾਏ ਲੋਕਾਂ ਦਾ ਦੇਸ਼ ਦੇ ਵਿਕਾਸ ਵਿੱਚ ਆਪਣਾ ਯੋਗਦਾਨ ਹੁੰਦਾ ਹੈ।

## ਅਮਰੀਕਾ ਵੱਲੋਂ ਲਾਏ ਟੈਰਿਫਜ਼ ਕੈਨੇਡਾ ਵਿੱਚ ਬਣ ਸਕਦਾ ਹੈ ਚੋਣ ਮੁੱਦਾ : ਮੈਕਨੌਟਨ

...ਪੰਨਾ 1 ਦਾ ਬਾਕੀ

ਮੈਕਨੌਟਨ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਇਹ ਗੱਲ ਸੋਚੀ ਵੀ ਨਹੀਂ ਜਾ ਸਕਦੀ ਕਿ ਇਨ੍ਹਾਂ ਟੈਰਿਫਜ਼ ਦੇ ਜਾਰੀ ਰਹਿੰਦਿਆਂ ਚੋਣਾਂ ਵਿੱਚ ਇਨ੍ਹਾਂ ਨੂੰ ਮੁੱਦਾ ਨਾ ਬਣਾਇਆ ਜਾਵੇ। ਉਨ੍ਹਾਂ ਆਖਿਆ ਕਿ ਅਜਿਹੀ ਕੋਈ ਪਾਰਟੀ ਨਜ਼ਰ ਨਹੀਂ ਆਉਂਦੀ ਜਿਹੜੀ ਇਨ੍ਹਾਂ ਟੈਰਿਫਜ਼ ਨੂੰ ਹਟਾਉਣ ਲਈ ਅਮਰੀਕਾ ਉੱਤੇ ਦਬਾਅ ਨਾ ਪਾਉਣਾ ਚਾਹੁੰਦੀ ਹੋਵੇ।

ਜ਼ਿਕਰਯੋਗ ਹੈ ਕਿ ਇਹ ਟੈਰਿਫ ਅਮਰੀਕਾ ਵੱਲੋਂ ਨਾਫਟਾ ਗੱਲਬਾਤ ਦਰਮਿਆਨ ਨੈਸ਼ਨਲ ਸਕਿਊਰਿਟੀ ਦਾ ਹਵਾਲਾ ਦੇ ਕੇ ਲਾਏ ਗਏ ਸਨ। ਇਸ ਤੋਂ ਬਾਅਦ ਜਵਾਬੀ ਕਾਰਵਾਈ ਕਰਦਿਆਂ ਕੈਨੇਡਾ ਨੇ ਵੀ ਅਮਰੀਕਨ ਸਟੀਲ, ਐਲੂਮੀਨੀਅਮ ਤੇ ਹੋਰਨਾਂ ਵਸਤਾਂ ਉੱਤੇ ਟੈਰਿਫ ਲਾ ਦਿੱਤੇ ਸਨ। ਕੈਨੇਡੀਅਨ ਅਧਿਕਾਰੀ ਇਹ ਵੀ ਆਖ ਚੁੱਕੇ ਹਨ ਕਿ ਜਦੋਂ ਅਮੈਰੀਕਨਜ਼ ਇਹ ਟੈਰਿਫ ਹਟਾ ਲੈਣਗੇ ਉਸੇ ਵੇਲੇ ਹੀ ਕੈਨੇਡੀਅਨ ਵੀ ਇਹ ਟੈਰਿਫ ਹਟਾ ਲੈਣਗੇ।

## ਬਰੈਂਪਟਨ ਸਿਟੀ ਕਾਉਂਸਲ ਵੱਲੋਂ 5ਜੀ ਸਮਰੱਥ ਸਮਾਰਟ ਸਿਟੀ ਬਣਨ ਲਈ ਮਤਾ ਪਾਸ

...ਪੰਨਾ 1 ਦਾ ਬਾਕੀ

ਇਸ ਵਿੱਚ ਕੋਈ ਸ਼ੱਕ ਨਹੀਂ ਕਿ 5ਜੀ ਨਵੀਂ ਤੇ ਤੇਜ਼ ਤਕਨਾਲੋਜੀ ਹੈ ਜਿਸਦਾ ਤਕਨੀਕੀ ਤੇ ਆਰਥਿਕ ਪੱਖੋਂ ਬਰੈਂਪਟਨ ਨੂੰ ਫਾਇਦਾ ਹੋਵੇਗਾ।

ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਬਹੁਤੇ ਸਿਟੀਜ਼ 5ਜੀ ਸਮਰੱਥ ਨਹੀਂ ਹਨ ਇਸ ਲਈ ਬਰੈਂਪਟਨ ਇਸ ਪੱਖੋਂ ਲੀਡਰ ਦੀ ਭੂਮਿਕਾ ਨਿਭਾਅ ਸਕਦਾ ਹੈ। 5ਜੀ ਸਮਰੱਥ ਸਿਟੀ ਨਵੇਂ ਕਾਰੋਬਾਰ ਸ਼ੁਰੂ ਕਰਨ ਵਾਲਿਆਂ ਤੇ ਕਾਰੋਬਾਰਾਂ ਵਿੱਚ ਵਾਧਾ ਕਰਨ ਵਾਲਿਆਂ ਲਈ ਬਰਾਬਰ ਮੌਕੇ ਮੁਹੱਈਆ ਕਰਵਾ ਸਕਦੀ ਹੈ ਤੇ ਆਕਰਸ਼ਣ ਦਾ ਮੁੱਖ ਕਾਰਨ ਵੀ ਬਣ ਸਕਦੀ ਹੈ। ਦੂਜੇ ਪਾਸੇ ਪ੍ਰਾਈਵੇਟ ਸੈਕਟਰ ਤੇ ਸਾਰੇ ਹੋਰਨਾਂ ਸਟੇਕਹੋਲਡਰਜ਼ ਨੂੰ ਨਾਲ ਲੈ ਕੇ ਚੱਲਣ ਲਈ ਨਵੇਂ ਤੇ ਨਿਵੇਕਲੇ ਰਾਹ ਲੱਭਣਾਂ ਵੀ ਸਮਾਰਟ ਸਿਟੀ ਦੀ ਨੀਂਹ ਹੈ। ਇੱਥੇ ਨਿਵੇਸ਼, ਰਿਸਕ ਤੇ ਫਾਇਦੇ ਸਾਂਝੇ ਕੀਤੇ ਜਾਣਗੇ। ਤਕਨਾਲੋਜੀ ਨੂੰ ਲਾਗੂ ਕਰਨ ਤੇ ਇਸ ਦੀ ਸੁਚੱਜੀ ਵਰਤੋਂ ਕਰਨਾ ਹੀ ਭਵਿੱਖ ਦਾ ਮਾਡਲ ਹੋਵੇਗੀ।

ਇਸ ਲਈ ਇਸ ਟੀਚੇ ਨੂੰ ਪੂਰਾ ਕਰਨ ਵਾਸਤੇ ਸਟਾਫ ਨੂੰ 5ਜੀ ਤਕਨਾਲੋਜੀ ਸਿਟੀ ਭਰ ਵਿੱਚ ਲਾਗੂ ਕਰਨ ਲਈ ਨਵੇਂ ਮੌਕੇ ਤੇ ਭਾਈਵਾਲੀਆਂ ਦਾ ਪਤਾ ਲਾਉਣ ਦੇ ਨਿਰਦੇਸ਼ ਦਿੱਤੇ ਗਏ ਹਨ। ਇਹ ਵੀ ਆਖਿਆ ਗਿਆ ਕਿ ਭਵਿੱਖ ਵਿੱਚ ਹੋਣ ਵਾਲੀ ਸਿਟੀ ਕਾਉਂਸਲ ਦੀ ਮੀਟਿੰਗ ਵਿੱਚ ਇਸ ਦੀ ਪੂਰੀ ਰਿਪੋਰਟ ਕੀਤੀ ਜਾਵੇ।

## ਸ਼ਾਹਕੋਟ ਵਿੱਚ ਚੱਲਦੀ ਬਸ ਤੋਂ ਹੇਠਾਂ ਡਿੱਗੀ ਔਰਤ ਦੀ ਮੌਤ

ਸ਼ਾਹਕੋਟ, 25 ਅਪ੍ਰੈਲ (ਪੋਸਟ ਬਿਊਰੋ)- ਸ਼ਾਹਕੋਟ-ਮੋਗਾ ਮੇਨ ਰੋਡ ਉਤੇ ਸਤਲੁਜ ਦਰਿਆ ਦੇ ਪੁਲ ਨੇੜੇ ਤੇਜ਼ ਰਫਤਾਰ ਬਸ ਵਿੱਚੋਂ ਡਿੱਗਣ ਨਾਲ ਇੱਕ ਔਰਤ ਦੀ ਮੌਤ ਹੋ ਗਈ ਹੈ।

ਮਿਲੀ ਜਾਣਕਾਰੀ ਅਨੁਸਾਰ ਰਾਜ ਕੌਰ (30) ਪਤਨੀ ਕਸ਼ਮੀਰ ਸਿੰਘ ਪਿੰਡ ਆਸ਼ਾਹੂਰ (ਫਿਲੌਰ) ਆਪਣੀ 10 ਸਾਲਾ ਬੇਟੀ ਨਾਲ ਚਚੇਰੇ ਭਰਾ ਦੇ ਵਿਆਹ ਵਿੱਚ ਸ਼ਾਮਲ ਹੋਣ ਪਿੰਡ ਚੱਕ ਬਾਮਣੀਆਂ ਚੱਲੀ ਸੀ। ਪਿੰਡ ਚੱਕ ਬਾਮਣੀਆਂ ਵਿੱਚ ਜਾਣ ਲਈ ਉਹ ਜਲੰਧਰ ਤੋਂ ਗੰਗਾਨਗਰ ਜਾ ਰਹੀ ਰਾਜਧਾਨੀ ਟਰਾਂਸਪੋਰਟ ਕੰਪਨੀ ਦੀ ਬਸ ਵਿੱਚ ਬੈਠ ਗਈ। ਬਸ ਕਰੀਬ 1.30 ਵਜੇ ਪਿੰਡ ਚਕ ਬਾਮਣੀਆ ਗਈ ਤਾਂ ਡਰਾਈਵਰ ਕੁਲਜੀਤ ਸਿੰਘ ਨੇ ਤੇਜ਼ ਰਫਤਾਰ ਵਿੱਚ ਅਚਾਨਕ ਯੂ-ਟਰਨ ਲਾ ਦਿੱਤਾ, ਜਿਸ ਕਾਰਨ ਬਸ ਦੇ ਦਰਵਾਜ਼ੇ ਦੇ ਨੇੜੇ ਖੜ੍ਹੀ ਰਾਜ ਕੌਰ ਸੜਕ 'ਤੇ ਡਿੱਗ ਕੇ ਗੰਭੀਰ ਜ਼ਖਮੀ ਹੋ ਗਈ। ਹਾਦਸੇ ਦੇ ਬਾਅਦ ਡਰਾਈਵਰ ਬਸ ਸਮੇਤ ਫਰਾਰ ਹੋ ਗਿਆ। ਰਾਹਗੀਰਾਂ ਨੇ ਪਿੱਛਾ ਕਰ ਕੇ ਬਸ ਡਰਾਈਵਰ ਨੂੰ ਕੁਝ ਦੂਰੀ 'ਤੇ ਘੇਰ ਲਿਆ ਅਤੇ ਨੇੜਲੇ ਨਾਕੇ 'ਤੇ ਪੁਲਸ ਨੂੰ ਸੂਚਿਤ ਕੀਤਾ। ਜ਼ਖਮੀ ਔਰਤ ਦੇ ਪੇਕੇ ਵੀ ਪਹੁੰਚ ਗਏ, ਜਿਨ੍ਹਾਂ ਨੇ ਉਸ ਨੂੰ ਸ਼ਾਹਕੋਟ ਦੇ ਨਿੱਜੀ ਹਸਪਤਾਲ ਵਿੱਚ ਦਾਖਲ ਕਰਾਇਆ। ਡਾਕਟਰਾਂ ਨੇ ਗੰਭੀਰ ਹਾਲਤ ਨੂੰ ਦੇਖ ਕੇ ਉਸ ਨੂੰ ਸਰਕਾਰੀ ਹਸਪਤਾਲ ਸ਼ਾਹਕੋਟ ਭੇਜ ਦਿੱਤਾ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਮਾਡਲ ਥਾਣਾ ਸ਼ਾਹਕੋਟ ਦੇ ਥਾਣਾ ਇੰਚਾਰਜ ਇੰਸਪੈਕਟਰ ਪਵਿੱਤਰ ਸਿੰਘ ਨੇ ਦੱਸਿਆ ਕਿ ਬਸ ਡਰਾਈਵਰ ਨੂੰ ਕਾਬੂ ਕਰ ਲਿਆ ਗਿਆ ਹੈ, ਪ੍ਰੰਤੂ ਅਜੇ ਤੱਕ ਪਰਵਾਰਕ ਮੈਂਬਰਾਂ ਵੱਲੋਂ ਬਿਆਨ ਦਰਜ ਨਹੀਂ ਕਰਾਇਆ ਗਿਆ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Sodhi |
| Marketing Executives | Priya Sodhi<br>Kamaljeet Kaur |
| Graphic Designer | Satnam Singh |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਦੋ ਦਿਨ ਤੋਂ ਲਾਪਤਾ ਕੁੜੀ ਦੀ ਅੱਧ ਸੜੀ ਲਾਸ਼ ਮਿਲੀ

ਖਨੌਰੀ (ਸੰਗਰੂਰ), 25 ਅਪ੍ਰੈਲ (ਪੋਸਟ ਬਿਊਰੋ)- ਇਕਤਰਫਾ ਪਿਆਰ ਵਿੱਚ ਪਹਿਲਾਂ ਨਾਬਾਲਗ ਲੜਕੀ ਦੇ ਘਰ ਜਾ ਕੇ ਚੁੱਕ ਲੈ ਜਾਣ ਦੀ ਧਮਕੀ ਦਿੱਤੀ। ਫਿਰ ਕਿਡਨੈਪ ਕਰ ਕੇ ਰੇਪ ਦੇ ਬਾਅਦ ਹੱਤਿਆ ਕਰ ਦਿੱਤੀ। ਲਾਸ਼ ਖੁਰਦ ਬੁਰਦ ਕਰਨ ਦੇ ਲਈ ਪੈਟਰੋਲ ਪਾ ਕੇ ਸਾੜ ਦਿੱਤਾ। ਇਹ ਦੋਸ਼ ਮ੍ਰਿਤਕਾ ਦੇ ਪਰਵਾਰ ਵਾਲੇ ਲਾ ਰਹੇ ਹਨ। 22 ਅਪ੍ਰੈਲ ਤੋਂ ਲਾਪਤਾ ਪਿੰਡ ਗੁਲਾਹੜ ਦੀ ਲੜਕੀ ਦੀ ਖਨੌਰੀ ਤੋਂ ਪੰਜ ਕਿਲੋਮੀਟਰ ਦੂਰ ਝਾੜੀਆਂ ਵਿੱਚ ਅੱਧ ਸੜੀ ਲਾਸ਼ ਮਿਲੀ ਹੈ। ਪੁਲਸ ਨੇ ਦੋਸ਼ੀਆਂ ਦੀ ਤਲਾਸ਼ ਸ਼ੁਰੂ ਕਰ ਦਿੱਤੀ ਹੈ। ਲੜਕੀ ਦੇ ਪਿਤਾ ਧਰਮਪਾਲ ਵਾਸੀ ਗੁਲਾਹੜ ਨੇ ਪੁਲਸ ਨੂੰ ਸ਼ਿਕਾਇਤ ਦਿੱਤੀ ਕਿ ਉਸ ਦੀ ਸਭ ਤੋਂ ਛੋਟੀ 15 ਸਾਲ ਦੀ ਬੇਟੀ 22 ਅਪ੍ਰੈਲ ਸਵੇਰੇ ਸਿਲਾਈ ਸੈਂਟਰ ਖਨੌਰੀ ਆਈ ਸੀ, ਪਰ ਘਰ ਨਹੀਂ ਪਹੁੰਚੀ। ਕਾਫੀ ਤਲਾਸ਼ ਕਰਨ 'ਤੇ ਵੀ ਨਹੀਂ ਮਿਲੀ ਤਾਂ ਪੁਲਸ ਵਿੱਚ ਰਿਪੋਰਟ ਦਰਜ ਕਰਾਈ। ਪੁਲਸ ਨੇ ਅਣਪਛਾਤੇ ਵਿਅਕਤੀਆਂ 'ਤੇ ਕੇਸ ਦਰਜ ਕੀਤਾ ਸੀ। ਪੁਲਸ ਨੇ ਲਾਸ਼ ਕਬਜ਼ੇ ਵਿੱਚ ਲੈ ਲਈ ਹੈ।

ਮ੍ਰਿਤਕਾ ਦੇ ਭਰਾ ਵਿਕਰਮ ਕੁਮਾਰ ਨੇ ਦੱਸਿਆ ਕਿ ਦੋਸ਼ੀ ਨਵਦੀਪ ਕੁਮਾਰ ਨੇ ਉਨ੍ਹਾਂ ਦੇ ਘਰ ਆ ਕੇ ਧਮਕੀ ਦਿੱਤੀ ਸੀ ਕਿ ਉਹ ਲੜਕੀ ਨਾਲ ਪਿਆਰ ਕਰਦਾ ਹੈ ਅਤੇ ਉਸ ਨੂੰ ਚੁੱਕ ਕੇ ਲੈ ਜਾਏਗਾ। ਉਨ੍ਹਾਂ ਨੇ ਪੁਲਸ ਨੂੰ ਸ਼ਿਕਾਇਤ ਵੀ ਕੀਤੀ ਸੀ। ਇਸ ਦੇ ਬਾਵਜੂਦ ਪੁਲਸ ਨੇ ਕਾਰਵਾਈ ਨਹੀਂ ਕੀਤੀ ਤੇ ਕਿਹਾ ਕਿ ਉਹ ਇੰਝ ਕਿਸੇ ਨੂੰ ਗ੍ਰਿਫਤਾਰ ਨਹੀਂ ਕਰ ਸਕਦੇ।

## ਸਰਬਜੀਤ ਵਿਆਹ ਵਿੱਚ ਅੜਿੱਕਾ ਪਾਉਣ 'ਤੇ ਮਾਰਿਆ ਗਿਆ, ਦੋ ਜਣੇ ਗ੍ਰਿਫਤਾਰ

ਬਟਾਲਾ, 25 ਅਪ੍ਰੈਲ (ਪੋਸਟ ਬਿਊਰੋ)- ਦੁੱਧ ਦੀ ਸਪਲਾਈ ਕਰਦੇ ਸਰਬਜੀਤ ਸਿੰਘ ਪਿੰਡ ਮਧਰੇ ਦੀ ਹੱਤਿਆ ਦੇ ਕਾਰਨ ਦਾ ਕੱਲ੍ਹ ਪੁਲਸ ਨੇ ਖੁਲਾਸਾ ਕੀਤਾ ਹੈ। ਪੁਲਸ ਦਾ ਦਾਅਵਾ ਹੈ ਕਿ ਵਿਆਹ ਵਿੱਚ ਅੜਿੱਕਾ ਪਾਉਣ 'ਤੇ ਦੋਸਤ ਨੇ ਸਾਥੀ ਦੇ ਨਾਲ ਮਿਲ ਕੇ ਉਸ ਦੀ ਹੱਤਿਆ ਕੀਤੀ ਸੀ।


ਪ੍ਰੈਸ ਕਾਨਫਰੰਸ ਦੌਰਾਨ ਐਸ ਪੀ (ਡੀ) ਕੁਲਵੰਤ ਸਿੰਘ ਨੇ ਦੱਸਿਆ ਕਿ ਜਾਂਚ ਦੌਰਾਨ ਪੁਲਸ ਨੂੰ ਪਤਾ ਲੱਗਾ ਕਿ ਸਰਬਜੀਤ ਸਿੰਘ ਦੀ ਜਸਬੀਰ ਸਿੰਘ ਪਿੰਡ ਜਲੋਟਾ ਥਾਣਾ ਦਸੂਹਾ ਨਾਲ ਅਣਬਣ ਚੱਲ ਰਹੀ ਸੀ। 22 ਅਪ੍ਰੈਲ ਨੂੰ ਜਸਬੀਰ ਸਿੰਘ ਤੇ ਉਸ ਦੇ ਦੋਸਤ ਹਰਪ੍ਰੀਤ ਸਿੰਘ ਪਿੰਡ ਪਰੀਤਾ ਥਾਣਾ ਮੁਕੇਰੀਆਂ ਨੂੰ ਸ੍ਰੀ ਹਰਗੋਬਿੰਦਪੁਰ ਦੇ ਲਾਈਟਾਂ ਵਾਲਾ ਚੌਕ ਤੋਂ ਗ੍ਰਿਫਤਾਰ ਕਰ ਲਿਆ ਗਿਆ। ਐਸ ਪੀ ਨੇ ਦੱਸਿਆ ਕਿ ਜਸਬੀਰ ਸਿੰਘ ਦੇ ਵਿਆਹ ਦੀ ਗੱਲ ਚੱਲਦੀ ਸੀ। ਸਰਬਜੀਤ ਸਿੰਘ ਲੜਕੀ ਦੇ ਪਰਵਾਰ ਨਾਲ ਨੇੜਲੇ ਸੰਬੰਧ ਰੱਖਦਾ ਸੀ। ਉਹ ਜਸਬੀਰ ਸਿੰਘ ਦੇ ਰਿਸ਼ਤੇ ਵਿੱਚ ਅੜਿੱਕਾ ਪਾ ਰਿਹਾ ਸੀ। ਜਸਬੀਰ ਸਿੰਘ ਨੂੰ ਜਦ ਪਤਾ ਲੱਗਾ ਕਿ ਸਰਬਜੀਤ ਸਿੰਘ ਉਸ ਦਾ ਰਿਸ਼ਤਾ ਸਿਰੇ ਨਹੀਂ ਚੜ੍ਹਨ ਦੇ ਰਿਹਾ ਤਾਂ ਉਸ ਨੇ ਇਹ ਗੱਲ ਆਪਣੇ ਦੋਸਤ ਹਰਪ੍ਰੀਤ ਸਿੰਘ ਨੂੰ ਦੱਸੀ। ਦੋਵਾਂ ਨੇ ਸਰਬਜੀਤ ਸਿੰਘ ਨੂੰ ਰਸਤੇ ਤੋਂ ਹਟਾਉਣ ਦੀ ਸਾਜ਼ਿਸ਼ ਰਚੀ। ਚਾਰ ਮਾਰਚ ਦੀ ਰਾਤ ਜਦ ਸਰਬਜੀਤ ਸਿੰਘ ਆਪਣਾ ਕੰਮ ਖਤਮ ਕਰਕੇ ਘਰ ਆ ਰਿਹਾ ਸੀ ਤਾਂ ਸਰਬਜੀਤ ਆਪਣੇ ਘਰ ਦੇ ਦਰਵਾਜ਼ੇ 'ਤੇ ਪੁੱਜਾ ਤਾਂ ਦੋਵਾਂ ਨੇ ਉਸ ਨੂੰ ਆਵਾਜ਼ ਦਿੱਤੀ। ਜਿਵੇਂ ਸਰਬਜੀਤ ਨੇ ਪਿੱਛੇ ਮੁੜ ਕੇ ਦੇਖਿਆ ਤਾਂ ਉਸ 'ਤੇ ਗੋਲੀ ਚਲਾ ਦਿੱਤੀ ਸੀ, ਜਿਸ ਬਾਰੇ ਕੇਸ ਦੀ ਜਾਂਚ ਸਿਰੇ ਲੱਗ ਗਈ ਹੈ।

## ਇੰਜੀਨੀਅਰਿੰਗ ਕਾਲਜਾਂ ਵਿੱਚ ਸੀਟਾਂ ਘੱਟ ਹੋਣ ਲੱਗੀਆਂ

ਜਲੰਧਰ, 25 ਅਪ੍ਰੈਲ (ਪੋਸਟ ਬਿਊਰੋ)- ਭਾਰਤ ਵਿੱਚ ਇੰਜੀਨੀਅਰਿੰਗ ਦੇ ਘਟਦੇ ਕ੍ਰੇਜ਼ ਬਾਰੇ ਆਲ ਇੰਡੀਆ ਕੌਂਸਲ ਫਾਰ ਟੈਕਨੀਕਲ ਐਜੂਕੇਸ਼ਨ (ਏ ਆਈ ਸੀ ਟੀ ਈ) ਪ੍ਰੇਸ਼ਾਨ ਹੈ ਅਤੇ ਇਹੀ ਕਾਰਨ ਹੈ ਕਿ ਇਸ ਵਾਰ ਫਿਰ ਨਵੇਂ ਸੈਸ਼ਨ 'ਚ ਦੇਸ਼ ਭਰ ਵਿੱਚ ਇੰਜੀਨੀਅਰਿੰਗ ਦੀਆਂ ਸੀਟਾਂ ਨੂੰ ਘੱਟ ਕਰਨ ਦਾ ਮਨ ਬਣਾਇਆ ਗਿਆ ਹੈ।

ਪਤਾ ਲੱਗਾ ਹੈ ਕਿ ਏ ਆਈ ਸੀ ਟੀ ਈ ਵੱਲੋਂ 50 ਹਜ਼ਾਰ ਇੰਜੀਨੀਅਰਿੰਗ ਦੀਆਂ ਸੀਟਾਂ ਘੱਟ ਕਰਨ ਦੀ ਤਿਆਰੀ ਕੀਤੀ ਗਈ ਹੈ। ਉਂਜ ਇਹ ਪਹਿਲੀ ਵਾਰ ਨਹੀਂ ਹੋ ਰਿਹਾ। ਇਸ ਤੋਂ ਵੀ ਇੰਜੀਨੀਅਰਿੰਗ ਦੀਆਂ ਸੀਟਾਂ ਘਟਾਈਆਂ ਜਾ ਚੁੱਕੀਆਂ ਹਨ। ਇਹੀ ਕਾਰਨ ਹੈ ਕਿ ਪਿਛਲੇ ਕੁਝ ਸਾਲਾਂ ਵਿੱਚ ਇੰਜੀਨੀਅਰਿੰਗ ਦੀਆਂ ਸੀਟਾਂ ਦੀ ਗਿਣਤੀ ਭਾਰਤ ਵਿੱਚ 16.5 ਲੱਖ ਤੋਂ ਘੱਟ ਹੋ ਕੇ 14.5 ਲੱਖ ਤੱਕ ਰਹਿ ਗਈ ਅਤੇ ਅੱਗੋਂ ਇਨ੍ਹਾਂ 'ਚੋਂ ਵੀ 50 ਹਜ਼ਾਰ ਸੀਟਾਂ ਹੋਰ ਘੱਟ ਕਰਨ ਦੀ ਗੱਲ ਹੋ ਰਹੀ ਹੈ। ਲਗਭਗ ਅੱਧੇ ਕਾਲਜਾਂ ਦੀਆਂ ਸੀਟਾਂ 30 ਫੀਸਦੀ ਵੀ ਨਹੀਂ ਭਰਦੀਆਂ। ਇਸ ਪਿੱਛੇ ਕਾਰਨ ਜੋ ਵੀ ਹੋਣ, ਪਰ ਕਾਲਜਾਂ ਵਿੱਚ ਦਾਖਲੇ ਨਹੀਂ ਹੋ ਰਹੇ। ਏ ਆਈ ਸੀ ਟੀ ਈ ਦੀ ਇਹ ਵੀ ਕੋਸ਼ਿਸ਼ ਹੈ ਕਿ ਨਵੇਂ ਇੰਜੀਨੀਅਰਿੰਗ ਕਾਲਜ ਫਿਲਹਾਲ ਨਾ ਖੋਲ੍ਹੇ ਜਾਣ। ਦੇਸ਼ ਵਿੱਚ ਲਗਭਗ 10 ਹਜ਼ਾਰ ਇੰਜੀਨੀਅਰਿੰਗ ਕਾਲਜ ਹਨ।

ਪਿਛਲੇ ਕੁਝ ਸਾਲਾਂ ਵਾਂਗ ਇਸ ਵਾਰ ਵੀ ਇੰਜੀਨੀਅਰਿੰਗ ਕਾਲਜਾਂ ਵਿੱਚ ਸੀਟਾਂ ਖਾਲ ਰਹਿ ਜਾਣਗੀਆਂ। ਇਸ ਦਾ ਸਬੂਤ ਏਥੋਂ ਲੱਗਦਾ ਹੈ ਕਿ 10 ਹਜ਼ਾਰ ਇੰਜੀਨੀਅਰਿੰਗ ਕਾਲਜਾਂ 'ਚ 14.5 ਲੱਖ ਸੀਟਾਂ ਹਨ, ਜਦ ਕਿ ਇੰਜੀਨੀਅਰਿੰਗ ਕੋਰਸਾਂ 'ਚ ਦਾਖਲੇ ਲਈ ਕਰੀਬ ਨੌਂ ਲੱਖ ਬੱਚਿਆਂ ਨੇ ਅਪਲਾਈ ਕੀਤਾ ਹੈ। ਇਸ ਲਈ ਸੀਟਾਂ ਖਾਲੀ ਰਹਿਣਾ ਸੁਭਾਵਕ ਹੀ ਹੈ। ਜੇ ਈ ਈ ਦੀ ਪ੍ਰੀਖਿਆ 'ਚ ਨੌਂ ਲੱਖ ਵਿਦਿਆਰਥੀਆਂ ਨੇ ਅਪਲਾਈ ਕੀਤਾ, ਜੋ 2018 ਵਿੱਚ 11 ਲੱਖ ਸਨ।






# ਐੱਨ.ਡੀ. ਪੀ. ਲੀਡਰ ਜਗਮੀਤ ਸਿੰਘ ਦਾ ਵੀ ਬਚਪਨ ਵਿਚ ਸੋਸ਼ਨ ਹੋਇਆ ਸੀ




-ਸੁਰਜੀਤ ਸਿੰਘ ਫਲੋਰਾ-

ਕੈਨੇਡਾ ਦੀ ਫੈਡਰਲ ਪੱਧਰ ਦੀ ਰਾਜਨੀਤਕ ਪਾਰਟੀ, ਨਿਊ ਡੈਮੋਕ੍ਰੇਟਿਕ ਪਾਰਟੀ (ਐਨ.ਡੀ.ਪੀ.) ਦੇ ਆਗੂ ਜਗਮੀਤ ਸਿੰਘ ਦੀਆਂ ਯਾਦਾਂ ਦੇ ਝਰੋਖੇ ਵਿਚੋਂ ਇਕ ਕਿਤਾਬ ਬੀਤੇ ਦਿਨੀ ਜਾਰੀ ਕੀਤੀ ਗਈ ਹੈ, ਜਿਸ 'ਚ ਉਨ੍ਹਾਂ ਨੇ ਆਪਣੇ ਬਚਪਨ ਦੇ ਔਖੇ ਸਮਿਆਂ ਦਾ ਜਿਕਰ ਕੀਤਾ ਹੈ । 'ਲਵ ਐਂਡ ਕਰੇਜ' ਨਾਂ ਦੀ ਕਿਤਾਬ ਜਾਰੀ ਕੀਤੀ ਹੈ ਜਿਸ ਦੀ ਕੈਨੇਡਾ ਭਰ ਵਿਚ ਭਰਭੂਰ ਚਰਚਾ ਹੋ ਰਹੀ ਹੈ ।

ਇਸ ਕਿਤਾਬ ਵਿਚ ਐ ਡੀ ਪੀ ਲੀਡਰ ਜਗਮੀਤ ਸਿੰਘ ਨੇ ਆਪਣੇ ਨਾਲ ਹੱਡਬੀਤੀਆਂ ਸਾਂਝਿਆਂ ਕੀਤੀਆਂ ਹਨ । ਜਿੰਨ੍ਹਾਂ ਵਿਚੋਂ ਸਭ ਤੋਂ ਹੈਰਾਨੀਜਨਕ ਅਤੇ ਦੁਖਦਭਰੀ ਗੱਲ ਜੋ ਉਹਨਾਂ ਨੇ ਜੱਗ ਜ਼ਾਹਿਰ ਕੀਤੀ ਹੈ ਉਹ ਹੈ ਜੋ ਉਹਨਾਂ ਨਾਲ 10 ਸਾਲ ਦੀ ਉਮਰ ਵਿਚ ਮਾਰਸ਼ਲ ਆਰਟ ਦੇ ਕੋਚ ਨੇ ਇਕੱਲੇ ਜਗਮੀਤ ਨੂੰ ਵਾਧੂ ਟਰੇਨਿੰਗ ਦੇਣ ਦੇ ਬਹਾਨੇ ਆਪਣੇ ਘਰ ਬੁਲਾ ਕੇ ਉਹਨਾਂ ਦਾ ਜਿਨਸੀ ਸ਼ੋਸ਼ਣ ਦਾ ਕੀਤਾ ਸੀ, ਇਹ ਦੋਸ਼ੀ ਕੋਚ ਜੋ ਇਸ ਸਮੇਂ ਦੁਨੀਆਂ ਨੂੰ ਅਲਵਿਦਾ ਕਹਿ ਚੁਕਾ ਹੈ। ਜਗਮੀਤ ਦੀ ਇਸ ਸਮੇਂ ਉਮਰ 40 ਸਾਲ ਹੈ । ਉਸ ਨੇ ਦੱਸਿਆ ਕਿ ਆਪਣੇ ਨਾਲ਼ ਵਾਪਰੀ ਇਸ ਦੁਖਦਾਈ ਘਟਨਾ ਨੂੰ ਭੁਲਾਉਣ ਦਾ ਯਤਨ ਪਿਛਲੇਂ ਲੰਮੇ ਸਮੇਂ ਤੋ ਕਰਦਾ ਆ ਰਿਹਾ ਹੈ ਤੇ 25 ਸਾਲ ਦੀ ਉਮਰ ਤੱਕ ਇਸ ਬਾਰੇ ਮਾਪਿਆਂ ਆਪਣੇ ਪਿਤਾ ਜਗਤਰਨ ਸਿੰਘ ਧਾਲੀਵਾਲ ਤੇ ਮਾਤਾ ਹਰਮੀਤ ਕੌਰ ਨੂੰ ਵੀ ਨਹੀਂ ਸੀ ਦੱਸ ਸਕਿਆ । ਜਗਮੀਤ ਦਾ ਬਚਪਨ ਉਂਟਾਰੀਓ ਦੇ ਅਮਰੀਕਾ ਦੀ ਸਰਹੱਦ ਨਾਲ ਲੱਗਦੇ ਸ਼ਹਿਰ ਵਿੰਡਸਰ 'ਚ ਗੁਜ਼ਰਿਆ ਸੀ ।

ਅੱਗੇ ਜਾ ਕਿ ਜਗਮੀਤ ਸਿੰਘ ਨੇ ਆਪਣੀ ਕਿਤਾਬ ਵਿਚ ਇਹ ਵੀ ਵਰਣਨ ਕੀਤਾ ਹੈ ਕਿ ਸਕੂਲ ਪੜ੍ਹਦੇ ਸਮੇਂ ਸਿੱਖੀ ਸਰੂਪ ਕਰ ਕੇ ਉਸ ਨੂੰ ਧਾਕੜ ਮੁੰਡੇ ਟਾਂਚਾਂ ਕਰਦੇ ਸਨ, ਜਿਸ ਕਰ ਕੇ ਉਸ ਨੇ ਆਤਮ ਰੱਖਿਆ ਲਈ ਕਰਾਟੇ ਸਿੱਖਣ ਦਾ ਫ਼ੈਸਲਾ ਕੀਤਾ ਅਤੇ ਡੰਡ-ਬੈਠਕਾਂ ਕੱਢਦਾ ਸੀ । ਜਦੋਂ ਜਗਮੀਤ ਨੂੰ ਪੁੱਛਿਆ ਗਿਆ ਕਿ ਇਸ ਸਭ ਕੁਝ ਨੂੰ ਹੁਣ ਚੋਣਾਂ ਤੋਂ ਕੁਝ ਮਹੀਨੇ ਪਹਿਲਾਂ ਲੋਕਾਂ ਸਾਹਮਣੇ ਕਿਉਂ ਰੱਖਿਆ ਜਾ ਰਿਹਾ ਹੈ ਤਾਂ ਉਸ ਨੇ ਕਿਹਾ ਕਿ ਅਜਿਹੀਆਂ ਘਟਨਾਵਾਂ ਦਾ ਸ਼ਿਕਾਰ ਹੋ ਚੁੱਕੇ ਲੋਕਾਂ ਨੂੰ ਹੌਸਲਾ ਦੇਣ ਅਤੇ ਮਦਦ ਲਈ ਉਸ ਨੇ 2017 'ਚ ਐਨ.ਡੀ.ਪੀ. ਦਾ ਆਗੂ ਬਣਨ ਤੋਂ ਬਾਅਦ ਕਿਤਾਬ ਲਿਖਣ ਦਾ ਫ਼ੈਸਲਾ ਕੀਤਾ ਸੀ ।

ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਟਵੀਟ ਕਰ ਕੇ ਜਗਮੀਤ ਦੇ ਹੌਸਲੇ ਦੀ ਸ਼ਲਾਘਾ ਕੀਤੀ ਅਤੇ ਆਖਿਆ ਕਿ ਐਨ.ਡੀ.ਪੀ. ਲੀਡਰ ਨੇ ਇਕ ਕਲੰਕ ਵਿਰੁੱਧ ਲੜਨ ਵਿਚ ਲੋਕਾਂ ਦੀ ਮਦਦ ਕੀਤੀ ਹੈ । ਜਗਮੀਤ ਦੀ ਕਿਤਾਬ ਦੇ ਹਵਾਲੇ ਨਾਲ ਇਹ ਗੱਲ ਵੀ ਸਾਹਮਣੇ ਆਈ ਹੈ ਕਿ ਉਸ ਦੇ ਪਿਤਾ ਸ. ਧਾਲੀਵਾਲ ਕਿੱਤੇ ਪੱਖੋਂ ਡਾਕਟਰ ਹਨ, ਪਰ ਉਨ੍ਹਾਂ ਦੀ ਸ਼ਰਾਬ ਦੀ ਵਿਗੜੀ ਆਦਤ ਕਾਰਨ ਪਰਿਵਾਰ ਨੂੰ ਅਨੇਕਾਂ ਮੁਸੀਬਤਾਂ 'ਚੋਂ ਗੁਜ਼ਰਨਾ ਪੈਂਦਾ ਰਿਹਾ ਅਤੇ ਘਰ ਵਿਚ ਲੜਾਈ ਝਗੜੇ ਹੁੰਦੇ ਰਹਿੰਦੇ ਸਨ । ਇਹ ਵੀ ਕਿ ਪਿਤਾ ਨੂੰ ਸ਼ਰਾਬ ਤੋਂ ਦੂਰ ਰੱਖਣ ਲਈ ਉਹ ਵੋਦਕਾ ਦੀਆਂ ਬੋਤਲਾਂ 'ਚ ਪਾਣੀ ਭਰ ਦਿੰਦਾ ਸੀ । ਸ਼ਰਾਬ ਕਾਰਨ ਹੀ ਸਰਦਾਰ ਧਾਲੀਵਾਲ ਦਾ ਡਾਕਟਰੀ ਲਾਇਸੈਂਸ ਰੱਦ ਹੋ ਗਿਆ ਸੀ ।




ਜਗਮੀਤ ਨੇ ਵੱਡਾ ਹੋ ਕੇ ਪਿਤਾ ਦਾ ਡਾਕਟਰੀ ਲਾਇਸੈਂਸ ਬਹਾਲ ਕਰਵ-ਾਇਆ । ਉਸ ਨੇ ਆਸ ਪ੍ਰਗਟ ਕੀਤੀ ਹੈ ਕਿ ਇਸ ਕਿਤਾਬ ਰਾਹੀਂ ਹੋਰ ਲੋਕਾਂ ਦੀ ਜ਼ਿੰਦਗੀ ਬੇਹਤਰ ਕਰਨ ਵਿਚ ਮਦਦ ਮਿਲ ਸਕਦੀ ਹੈ ।

ਕਈ ਵਾਰ ਅਸੀਂ ਸੋਚਦੇ ਹੀ ਨਹੀਂ ਕਿ ਨਿੱਕੇ ਬੱਚਿਆਂ ਦਾ ਸੋਸ਼ਣ ਹੋਰ ਭਾਈਚਾਰਿਆਂ ਵਿੱਚ ਹੁੰਦਾ ਹੈ ਸਾਡੇ ਨਹੀਂ ਕਿਉਂਕਿ ਅਸੀਂ ਚੰਗੇ ਲੋਕ ਹਾਂ। ਕੌੜੀ ਹਕੀਕਤ ਤੇ ਜੇਕਰ ਇਕ ਨਜ਼ਰ ਮਾਰੀਏ ਤਾਂ ਸਚ ਇਹ ਹੀ ਹੈ ਕਿ ਬੱਚਾ ਹੋਵੇ ਜਾਂ ਨੌਜਵਾਨ ਜਾਂ ਬਜੁਰਗ ਪਰ ਹਵਸ਼ ਦੇ ਭੁੱਖੇ ਭੇੜੀਏ ਇਹ ਸਭ ਨਹੀਂ ਦੇਖਦੇ ਤੇ ਨਾ ਹੀ ਉਹ ਇਹ ਦੇਖਦੇ ਹਨ ਕਿ ਕੋਈ ਲਚਾਰ ,ਮਜਲੂਮ, ਗਰੀਬ ਹੈ । ਇਸ ਤਰਹਾਂ ਦੇ ਭੇੜੀਏ ਕੋਚ ਵੀ ਹੋ ਸਕਦੇ ਹਨ , ਹਰ ਧਾਰਮਿਕ ਸਥਾਨ ਦਾ ਕਰਿੰਦਾ ਵੀ ਹੋ ਸਕਦਾ ਹੈ। ਇਕ ਅਧਿਆਪਕ ਵੀ ਹੋ ਸਜਦਾ ਹੈ, ਕੋਈ ਦੂਰ ਨੇੜੇ ਦਾ ਰਿਸ਼ਤੇਦਾਰ ਦੋਸਤ ਵੀ ਹੋ ਸਜਦਾ ਹੈ।ਹੈਰਾਨੀ ਵਾਲੀ ਗੱਲ ਇਹ ਹੈ ਕਿ ਸਾਨੂੰ ਇਹਨਾਂ ਲੋਕਾਂ ਉੱਤੇ ਰੱਬ ਤੋਂ ਵੀ ਵੱਧ ਵਿਸ਼ਵਾਸ਼ ਇਕ ਭਰੋਸਾ ਹੁੰਦਾ ਹੈ। 'ਤੇ ਇਹ ਹੀ ਲੋਕ ਸਾਨੂੰ ਗਲਤ ਸਾਬਿਤ ਕਰਕੇ ਸਾਡੇ ਵਿਸ਼ਵਾਸ, ਸਾਡੇ ਪਿਆਰ ਦਾ, ਸਾਡੀ ਮਜਬੂਰੀ ਦਾ, ਬਹੁਤ ਅਹਿਸਾਨੀ ਨਾਲ ਫਾਇਦਾ ਉਠਾ ਜੇ ਉਸ ਦਾ ਕਤਲੇਆਮ ਕਰ ਦਿੰਦੇ ਹਨ।

ਇਸ ਗੱਲ ਲਈ ਜਗਮੀਤ ਸਿੰਘ ਨੂੰ ਦਾਦ ਦੇਣੀ ਬਣਦੀ ਹੈ ਕਿ ਕਿਵੇਂ ਉਸਨੇ ਆਪਣੇ ਕਮਜ਼ੋਰ ਪਿਤਾ ਨੂੰ ਮਜ਼ਬੂਤ ਬਣਨ ਵਿੱਚ ਮਦਦ ਕੀਤੀ, ਆਪਣੇ ਪਰਿਵਾਰ ਖਾਸ ਕਰਕੇ ਆਪਣੀ ਮਾਤਾ, ਭਰਾ ਅਤੇ ਭੈਣ ਨੂੰ ਸਾਰਥਕ ਸੇਧ ਦਿੱਤੀ ਅਤੇ ਦਰਪੇਸ਼ ਔਕੜਾਂ ਨੂੰ ਆਪਣੀ ਨਿੱਜੀ ਸਫ਼ਲਤਾ ਦੇ ਰਾਹ ਵਿੱਚ ਅੜਿੱਕਾ ਨਹੀਂ ਬਨਣ ਦਿੱਤਾ।

ਜਗਮੀਤ ਸਿੰਘ ਵਲੋਂ ਇਹ ਜੋ ਕਿਤਾਬ ਆਪਣੇ ਨਿੱਜੀ ਜੀਵਨ ਦੇ ਸੰਘਰਸ਼ ਵਾਰੇ ਲਿਖੀ ਹੈ , ਜਿਸ ਨੂੰ ਪਹਿਲਾਂ ਤਾਂ ਲਿਖਣ ਲਈ ਹਿੰਮਤ ਅਤੇ ਹੌਂਸਲੇ ਨਾਲ ਬਹੁਤ ਹੀ ਕੌੜੇ ਘੁਟ ਕਰਕੇ ਅਤੇ ਸ਼ਿੱਦਤ ਨਾਲ ਨਿਭਾਇਆਂ ਹੈ । ਇਸ ਕਿਤਾਬ ਦੇ ਹਰਫ਼ ਉਸਦੀ ਕਮਜ਼ੋਰੀ ਨਹੀਂ ਸਗੋਂ ਉਸਦੀ ਹਿੰਮਤ ਅਤੇ ਮਰਦਾਨਗੀ ਦਾ ਸਬੂਤ ਹਨ ।ਇਸ ਕਿਤਾਬ ਤੋਂ ਇਕ ਸਚਾਈ ਹੀ ਨਹੀਂ ਬੱਲਕੇ ਬਹੁਤ ਕੁਝ ਸਿੱਖਣ ਦਾ ਸਬਕ ਲੈਣਾ ਚਾਹਿੰਦਾ ਹੈ। 'ਤੇ ਸਮੁੱਚਾ ਕੈਨੇਡਾ ਇਸ ਕਿਤਾਬ ਨੂੰ ਪੜ੍ਹ ਕੇ ਇਸ ਤੋਂ ਲਾਭ ਹਾਂਸਿਲ ਕਰ ਸਕਦਾ ਹੈ। ਇਸ ਕਿਤਾਬ ਨਾਲ ਕੈਨੇਡਾ ਵੱਸਦਾ ਪੰਜਾਬੀ ਭਾਈਚਾਰਾ ਹੀ ਨਹੀਂ ਸਗੋ ਸਾਰੇ ਕੈਨੇਡੀਆਨ ਲੋਕ ਇਸ ਤਰ੍ਹਾਂ ਦੇ ਨਸਲੀ ਵਿਤਕਰੇ, ਜਿਣਸੀ ਸੋਸ਼ਣ ਅਤੇ ਨਸ਼ਿਆਂ ਦੇ ਨੁਕਸਾਨ ਪ੍ਰਤੀ ਸੁਚੇਤ ਹੋਵੇਗਾ। ਜੇਕਰ ਕੁਝ ਹੋਰ ਬੱਚਿਆਂ ਦਾ, ਨੌਜਵਾਨਾਂ ਦਾ ਬਜੁਰਗਾ ਸੋਸ਼ਨ ਤੋਂ ਸੋਚੇਤ ਹੁੰਦੇ ਹਨ ਤੇ ਜਿਸ ਦੇ ਪਰਿਵਾਰ ਵਿਚ ਨਸ਼ਿਆਂ ਕਰਕੇ ਲੜਾਈ ਝਗੜੇ ਆਮ ਹੁੰਦੇ ਹਨ ਇਸ ਕਿਤਾਬ ਨੂੰ ਪੜ੍ਹ ਕੇ ਕੁਝ ਸਿੱਖਦੇ ਹਨ ਤਾਂ ਜਗਮੀਤ ਸਿੰਘ ਵਲੋਂ ਇਸ ਕਿਤਾਬ ਨੂੰ ਲਿਖ ਕੇ ਜੋ ਮਰਦਾਨਗੀ ਦਿਖਾਈ ਹੈ ਉਹ ਸਮੂਚੇ ਕੈਨੇਅਨ ਲਈ ਮਾਣ ਵਾਲੀ ਗੱਲ ਸਾਬਿਤ ਹੋਵੇਗੀ।

# ਹਿੰਦੂਤਵ ਦੇ ਮੁੱਦੇ ਉੱਤੇ ਪਰਤੀ ਭਾਜਪਾ

-ਕਲਿਆਣੀ ਸ਼ੰਕਰ-

ਅਜਿਹਾ ਲੱਗਦਾ ਹੈ ਕਿ ਮੌਜੂਦਾ ਲੋਕ ਸਭਾ ਚੋਣਾਂ ਦੌਰਾਨ ਭਾਜਪਾ ਵਿਕਾਸ ਦੇ ਏਜੰਡੇ ਤੋਂ ਹਟ ਕੇ ਹਿੰਦੂਤਵ ਦੇ ਮੁੱਦੇ 'ਤੇ ਵਾਪਸ ਆ ਗਈ ਹੈ। ਭਾਵੇਂ ਇਹ ਦੋਵੇਂ ਮੁੱਦੇ ਨਾਲੋ-ਨਾਲ ਚੱਲ ਰਹੇ ਹਨ, ਪਰ ਦੋ ਪੜਾਵਾਂ ਦੀ ਵੋਟਿੰਗ ਖਤਮ ਹੋਣ ਤੋਂ ਬਾਅਦ ਭਾਜਪਾ ਹਿੰਦੂਤਵ ਉਤੇ ਵੱਧ ਕੇਂਦਰਿਤ ਹੋ ਗਈ ਹੈ। ਇਹ ਗੱਲ ਪਾਰਟੀ ਵੱਲੋਂ ਭੋਪਾਲ ਵਿੱਚ ਸਾਬਕਾ ਮੁੱਖ ਮੰਤਰੀ ਦਿਗਵਿਜੇ ਸਿੰਘ ਦੇ ਵਿਰੁੱਧ ਸਾਧਵੀ ਪ੍ਰੱਗਿਆ ਠਾਕੁਰ ਨੂੰ ਮੈਦਾਨ ਵਿੱਚ ਉਤਾਰਨ ਦੇ ਭਾਜਪਾ ਦੇ ਫੈਸਲੇ ਤੋਂ ਸਾਫ ਹੋ ਜਾਂਦੀ ਹੈ। ਭਾਜਪਾ ਦੇ ਨਜ਼ਰੀਏ ਤੋਂ ਪ੍ਰੱਗਿਆ ਨੂੰ ਉਮੀਦਵਾਰ ਬਣਾਉਣ ਨਾਲ ਦੋ ਮਕਸਦ ਪੂਰੇ ਹੁੰਦੇ ਹਨ। ਇੱਕ ਕਾਂਗਰਸੀ ਨੇਤਾ ਦਿਗਵਿਜੇ ਸਿੰਘ ਨਾਲ ਸਿੱਧੀ ਟੱਕਰ ਤੇ ਦੂਜਾ ਇਸ ਦਾ ਅਸਰ ਮੱਧ ਪ੍ਰਦੇਸ਼ ਤੋਂ ਅੱਗੇ ਸੂਬੇ ਮਹਾਰਾਸ਼ਟਰ 'ਚ ਵੀ ਪਵੇਗਾ।

ਹਾਲਾਂਕਿ ਭੋਪਾਲ ਸੀਟ ਲਈ ਦੋ ਸਾਬਕਾ ਮੁੱਖ ਮੰਤਰੀਆਂ ਉਮਾ ਭਾਰਤੀ ਤੇ ਸ਼ਿਵਰਾਜ ਸਿੰਘ ਚੌਹਾਨ ਦੇ ਨਾਵਾਂ 'ਤੇ ਚਰਚਾ ਚੱਲ ਰਹੀ ਸੀ, ਪਰ ਪਾਰਟੀ ਨੇ ਸ਼ਾਇਦ ਸੰਘ ਦੇ ਇਸ਼ਾਰੇ ਉਤੇ ਸਾਧਵੀ ਨੂੰ ਟਿਕਟ ਦਿੱਤੀ। ਕਿਹਾ ਜਾ ਰਿਹਾ ਹੈ ਕਿ ਸੰਘ ਪਰਵਾਰ ਨੇ ਸਾਧੂਆਂ ਨੂੰ ਇਹ ਸੰਦੇਸ਼ ਭੇਜਿਆ ਸੀ ਕਿ ਉਹ ਮੌਜੂਦਾ ਚੋਣਾਂ ਵਿੱਚ ਭਾਜਪਾ ਦੇ ਪੱਖ 'ਚ ਵੋਟਾਂ ਜੁਟਾਉਣ। ਕੁਝ ਸਮਾਂ ਪਹਿਲਾਂ ਅਯੁੱਧਿਆ ਵਿੱਚ ਰਾਮ ਮੰਦਰ ਨਾ ਬਣਾਉਣ ਲਈ ਸਾਧੂਆਂ ਨੇ ਮੋਦੀ ਸਰਕਾਰ ਦੀ ਆਲੋਚਨਾ ਕੀਤੀ ਸੀ।

ਸਾਧਵੀ ਪ੍ਰੱਗਿਆ ਠਾਕੁਰ ਨੂੰ ਚੋਣ ਮੈਦਾਨ ਵਿੱਚ ਉਤਾਰਨ ਦੇ ਫੈਸਲੇ ਦੇ ਬਚਾਅ ਵਿੱਚ ਪ੍ਰਧਾਨ ਮੰਤਰੀ ਨਰਿੰ-ਦਰ ਮੋਦੀ ਨੇ ਕਿਹਾ ਕਿ ਪ੍ਰੱਗਿਆ ਠਾਕੁਰ ਦੀ ਉਮੀਦਵਾਰੀ ਉਨ੍ਹਾਂ ਲੋਕਾਂ ਲਈ ਸੰਕੇਤਕ ਜਵਾਬ ਹੈ, ਜਿਹੜੇ ਹਿੰਦੂ ਸੰਸਕ੍ਰਿਤੀ ਨੂੰ 'ਅੱਤਵਾਦ' ਵਜੋਂ ਪ੍ਰਚਾਰਿਤ ਕਰਦੇ ਹਨ ਤੇ ਸਾਧਵੀ ਦੀ ਉਮੀਦਵਾਰੀ ਕਾਂਗਰਸ ਨੂੰ ਮਹਿੰਗੀ ਪਵੇਗੀ।

ਜ਼ਿਕਰ ਯੋਗ ਹੈ ਕਿ ਸਾਧਵੀ ਪ੍ਰੱਗਿਆ ਠਾਕੁਰ 'ਤੇ ਇੱਕ ਅੱਤਵਾਦੀ ਘਟਨਾ 'ਚ ਸ਼ਮੂਲੀਅਤ ਨੂੰ ਲੈ ਕੇ ਗੈਰ ਕਾਨੂੰਨੀ ਸਰਗਰਮੀਆਂ ਪਾਬੰਦੀ ਕਾਨੂੰਨ ਦੇ ਤਹਿਤ ਦੋਸ਼ ਲੱਗੇ ਸਨ, ਪਰ ਉਸ ਨੂੰ ਜ਼ਮਾਨਤ 'ਤੇ ਰਿਹਾਅ ਕੀਤਾ ਗਿਆ ਸੀ। ਕੇਸ ਦੀ ਸੁਣਵਾਈ ਕਰ ਰਹੀ ਐਨ ਆਈ ਏ ਕੋਰਟ ਨੇ ਅਜੇ ਉਸ ਨੂੰ ਦੋਸ਼ ਮੁਕਤ ਨਹੀਂ ਕੀਤਾ। ਇਹ ਵੀ ਆਪਾ-ਵਿਰੋਧ ਹੀ ਹੈ ਕਿ ਉਹ ਦਿਗਵਿਜੇ ਹੀ ਸਨ, ਜਿਨ੍ਹਾਂ ਨੇ ਯੂ ਪੀ ਏ ਦੇ ਕਾਰਜਕਾਲ ਦੌਰਾਨ 'ਭਗਵਾ ਅੱਤਵਾਦ' ਸ਼ਬਦ ਉਛਾਲਿਆ ਸੀ।

ਇਹ ਪਹਿਲਾ ਮੌਕਾ ਨਹੀਂ, ਜਦੋਂ ਭਾਜਪਾ ਨੇ ਸਾਧੂਆਂ-ਸੰਨਿਆਸੀਆਂ ਨੂੰ ਚੋਣ ਮੈਦਾਨ ਵਿੱਚ ਉਤਾਰਿਆ ਹੈ। ਉਮਾ ਭਾਰਤੀ ਵੀ ਇਸੇ ਤਰ੍ਹਾਂ ਦੀ ਇੱਕ ਹਾਈ-ਪ੍ਰੋਫਾਈਲ ਨੇਤਾ ਹੈ। ਭਾਜਪਾ ਨੇ ਹਿੰਦੂ ਸਾਧੂ ਜੈਸਿੱਧੇਸ਼ਵਰ ਮਹਾਸਵਾਮੀ ਨੂੰ ਵੀ ਸ਼ੋਲਾਪੁਰ ਤੋਂ ਸਾਬਕਾ ਗ੍ਰਹਿ ਮੰਤਰੀ ਸੁਸ਼ੀਲ ਕੁਮਾਰ ਸ਼ਿੰਦੇ ਦੇ ਵਿਰੁੱਧ ਚੋਣ ਮੈਦਾਨ ਵਿੱਚ ਲਿਆਂਦਾ ਹੈ। ਹਿੰਦੂਤਵ ਦਾ ਇੱਕ ਹੋਰ ਚਿਹਰਾ ਯੂ ਪੀ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਹਨ, ਜਿਨ੍ਹਾਂ ਨੂੰ ਮੁਸਲਿਮ ਵਿਰੋਧੀ ਬਿਆਨ ਦੇਣ ਕਾਰਨ ਚੋਣ ਕਮਿਸ਼ਨ ਨੇ ਦੂਜੇ ਪੜਾਅ ਦੀ ਵੋਟਿੰਗ ਤੋਂ ਪਹਿਲਾਂ ਨੋਟਿਸ ਦਿੰਦਿਆਂ 72 ਘੰਟਿਆਂ ਲਈ ਪ੍ਰਚਾਰ ਕਰਨ ਤੋਂ ਰੋਕ ਦਿੱਤਾ ਸੀ।

ਸਾਧਵੀ ਪ੍ਰੱਗਿਆ ਠਾਕੁਰ ਨੇ ਭਾਜਪਾ ਨੂੰ ਖੁਸ਼ ਕਰਨ ਲਈ ਇਥੋਂ ਤੱਕ ਕਹਿ ਦਿੱਤਾ ਹੈ ਕਿ ਹੇਮੰਤ ਕਰਕਰੇ ਉਸ ਦੇ 'ਸਰਾਪ' ਕਾਰਨ ਮਾਰੇ ਗਏ ਸਨ। ਸ਼ਹੀਦ ਦੇ ਵਿਰੁੱਧ ਅਜਿਹੀ ਟਿੱਪਣੀ ਕਾਰਨ ਲੋਕਾਂ ਵਿੱਚ ਕਾਫੀ ਗੁੱਸਾ ਵੇਖ ਕੇ ਭਾਜਪਾ ਨੇ ਸਾਧਵੀ ਦੇ ਬਿਆਨਾਂ ਤੋਂ ਦੂਰੀ ਬਣਾ ਲਈ। ਅਗਲਾ ਵਿਵਾਦਤ ਬਿਆਨ ਉਸ ਨੇ ਬਾਬਰੀ ਮਸਜਿਦ ਡੇਗੇ ਜਾਣ 'ਚ ਆਪਣੀ ਭੂਮਿਕਾ ਬਾਰੇ ਦਿੱਤਾ ਤੇ ਕਿਹਾ, "ਮੈਂ ਢਾਂਚਾ ਤੋੜਨ ਲਈ ਉਸ 'ਤੇ ਚੜ੍ਹੀ। ਮੈਨੂੰ ਇਸ ਦਾ ਬਹੁਤ ਮਾਣ ਹੈ ਕਿ ਭਗਵਾਨ ਨੇ ਮੈਨੂੰ ਅਜਿਹਾ ਕਰਨ ਦਾ ਮੌਕਾ ਤੇ ਹਿੰਮਤ ਦਿੱਤੀ ਅਤੇ ਮੈਂ ਇਹ ਕੀਤਾ।" ਚੋਣ ਕਮਿਸ਼ਨ ਨੇ ਇਨ੍ਹਾਂ ਦੋਵਾਂ ਟਿੱਪਣੀਆਂ ਲਈ ਸਾਧਵੀ ਪ੍ਰੱਗਿਆ ਠਾਕੁਰ ਤੋਂ ਜਵਾਬ ਮੰਗਿਆ ਹੈ।

ਹਿੰਦੂਤਵ ਦਾ ਮੁੱਦਾ ਮੁੜ ਕੇਂਦਰ ਵਿੱਚ ਕਿਉਂ ਆ ਗਿਆ? ਅਸਲ ਵਿੱਚ ਇਹ ਹਮੇਸ਼ਾ ਬਾਕੀ ਮੁੱਦਿਆਂ ਦੇ ਬਰਾਬਰ ਚੱਲਦਾ ਰਿਹਾ ਹੈ। ਪਾਰਟੀ ਨੂੰ ਲੱਗਦਾ ਹੈ ਕਿ ਉਸ ਦੇ ਚੋਣਾਂ ਜਿੱਤਣ ਦੀ ਸੰਭਾਵਨਾ ਹੈ ਕਿਉਂਕਿ ਵਿਰੋਧੀ ਧਿਰ ਮੋਦੀ ਦੀਆਂ ਕਮਜ਼ੋਰੀਆਂ ਨੂੰ ਜ਼ਾਹਰ ਕਰਨ ਅਤੇ 2014 'ਚ ਕੀਤੇ ਵਾਅਦੇ ਪੂਰੇ ਕਰਨ 'ਚ ਮੋਦੀ ਦੀ ਨਾਕਾਮੀ ਦੀ ਗੱਲ ਸਹੀ ਢੰਗ ਨਾਲ ਨਹੀਂ ਉਠਾ ਸਕੀ। ਵਿਕਾਸ ਦਾ ਪੱਤਾ ਨਾ ਚੱਲਣ ਕਰ ਕੇ ਭਾਜਪਾ ਨੇ ਹਿੰਦੂਤਵ 'ਤੇ ਫੋਕਸ ਕਰਨ ਦਾ ਫੈਸਲਾ ਲਿਆ ਹੈ।



ਹਾਲੇ ਤੱਕ ਭਾਜਪਾ ਨੇ ਇਨ੍ਹਾਂ ਚੋਣਾਂ ਦੌਰਾਨ ਮੋਦੀ ਨੂੰ ਚਿਹਰਾ ਬਣਾਉਂਦਿਆਂ ਪ੍ਰਧਾਨਗੀ ਪ੍ਰਣਾਲੀ ਵਾਂਗ ਚੋਣਾਂ ਲੜਨ ਦੀ ਰਣਨੀਤੀ ਬਣਾਈ ਹੈ। ਪ੍ਰਚਾਰ ਦੌਰਾਨ ਪਾਰਟੀ ਬੇਦਾਗ ਸਰਕਾਰ ਦੀ ਗੱਲ ਕਰਦੀ ਰਹੀ ਹੈ ਤੇ ਵੋਟਰਾਂ ਲਈ ਪਾਰਟੀ ਦਾ ਸੰਦੇਸ਼ ਹੈ ਕਿ "ਅਸੀਂ ਚੰਗਾ ਕੰਮ ਕੀਤਾ ਹੈ, ਪਰ ਹੋਰ ਵੀ ਬਹੁਤ ਕੁਝ ਕਰਨਾ ਬਾਕੀ ਹੈ।" ਪ੍ਰਚਾਰ ਵਿੱਚ ਕੌਮੀ ਸੁਰੱਖਿਆ ਸਮੇਤ ਵੱਖ-ਵੱਖ ਮੁੱਦਿਆਂ ਉਤੇ ਮੋਦੀ ਸਰਕਾਰ ਦੇ ਦਲੇਰਾਨਾ ਫੈਸਲਿਆਂ ਦੀ ਗੱਲ ਕੀਤੀ ਜਾਂਦੀ ਹੈ। ਇਸ ਤੋਂ ਬਿਨਾ ਸੱਤ ਵੱਡੀਆਂ ਭਲਾਈ ਯੋਜਨਾਵਾਂ ਦੀ ਗੱਲ ਕੀਤੀ ਜਾਂਦੀ ਹੈ, ਜਿਨ੍ਹਾਂ 'ਚ ਸਵੱਛ ਭਾਰਤ ਤੇ ਸਿਹਤ ਬੀਮਾ ਸ਼ਾਮਲ ਹਨ। 'ਮਜ਼ਬੂਤ' ਮੋਦੀ ਸਰਕਾਰ ਅਤੇ 'ਮਜਬੂਰ' ਵਿਰੋਧੀ ਧਿਰ 'ਤੇ ਫੋਕਸ ਕੀਤਾ ਜਾਂਦਾ ਹੈ। ਸਭ ਤੋਂ ਵੱਧ ਗੱਲ ਕਾਂਗਰਸ ਦੀਆਂ ਨਾਕਾਮੀਆਂ ਦੀ ਕੀਤੀ ਜਾ ਰਹੀ ਹੈ। ਜ਼ਮੀਨੀ ਪੱਧਰ 'ਤੇ ਰਿਪੋਰਟਾਂ ਆਉਣ ਪਿੱਛੋਂ ਪੁਲਵਾਮਾ ਮਾਮਲੇ ਦਾ ਪ੍ਰਭਾਵ ਘਟ ਗਿਆ ਤੇ ਭਾਜਪਾ ਨੂੰ ਆਪਣਾ ਦਾਅ ਬਦਲਣਾ ਪਿਆ। ਸਾਰੇ ਪੰਜ ਦੱਖਣੀ ਰਾਜਾਂ ਵਿੱਚ ਲੋਕ ਸਥਾਨਕ ਮੁੱਦਿਆਂ ਬਾਰੇ ਵੱਧ ਚਿੰਤਤ ਹਨ। ਲੋਕ ਸਭਾ ਵਿੱਚ 130 ਪਾਰਲੀਮੈਂਟ ਮੈਂਬਰ ਭੇਜਣ ਵਾਲੇ ਦੱਖਣ ਵਿੱਚ ਪਾਕਿਸਤਾਨ ਦੀ ਨਿੰਦਾ ਕਰਨ ਨੂੰ ਲੈ ਕੇ ਬਹੁਤਾ ਉਤਸ਼ਾਹ ਨਹੀਂ ਹੈ। ਭਾਜਪਾ ਜਾਣ ਚੁੱਕੀ ਹੈ ਕਿ ਰਸੋਈ ਗੈਸ ਕੁਨੈਕਸ਼ਨ, ਦਿਹਾਤੀ ਬਿਜਲਈਕਰਨ ਯੋਜਨਾ, ਸਸਤੇ ਮਕਾਨ, ਜਨ ਧਨ ਬੈਂਕ ਖਾਤੇ ਤੇ ਫਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ ਦੇ ਉਪਾਵਾਂ ਦੇ ਬਾਵਜੂਦ ਮੋਦੀ ਲਹਿਰ ਓਦਾਂ ਦੀ ਨਹੀਂ ਬਣ ਸਕੀ, ਜਿਹੋ ਜਿਹੀ 2014 ਵਿੱਚ ਸੀ। ਏਸੇ ਲਈ ਮੋਦੀ, ਅਮਿਤ ਸ਼ਾਹ ਤੇ ਯੋਗੀ ਆਦਿੱਤਿਆਨਾਥ ਆਪਣੀਆਂ ਚੋਣ ਰੈਲੀਆਂ 'ਚ ਧਰੁਵੀਕਰਨ 'ਤੇ ਜ਼ੋਰ ਦੇ ਰਹੇ ਹਨ। ਭਾਜਪਾ ਵੱਲੋਂ ਵੋਟਰਾਂ ਨੂੰ ਲੁਭਾਉਣ ਲਈ ਹਿੰਦੂਤਵ ਦੇ ਕਾਰਡ ਦਾ ਇਸਤੇਮਾਲ ਕਰਨਾ ਉਸ ਦੀ ਨਿਰਾਸ਼ਾ ਨੂੰ ਦਰਸਾਉਂਦਾ ਹੈ। ਚੋਣਾਂ ਦੇ ਆਉਣ ਵਾਲੇ ਪੜਾਵਾਂ 'ਚ ਇਹ ਦੇਖਣਾ ਦਿਲਚਸਪ ਹੋਵੇਗਾ ਕਿ ਭਾਜਪਾ ਦਾ ਇਹ ਦਾਅ ਕਿੰਨਾ ਸਫਲ ਰਹਿੰਦਾ ਹੈ?

## ਹਲਕਾ ਫੁਲਕਾ

ਪਤਨੀ, "ਡਾਰਲਿੰਗ, ਸੁਣਦੇ ਹੋ ਮੇਰੀ ਉਮਰ 48 ਸਾਲ ਹੁੰਦੇ ਹੋਏ ਵੀ ਤੁਹਾਡਾ ਇੱਕ ਦੋਸਤ ਮੇਰੇ ਹੁਸਨ ਦੀ ਤਾਰੀਫ ਕਰਦਾ ਹੈ।"
ਪਤੀ, "ਉਸਮਾਨ ਹੋਵੇਗਾ।"
ਪਤਨੀ, "ਤੁਸੀਂ ਕਿਵੇਂ ਪਛਾਣਿਆ?"
ਪਤੀ, "ਉਹ ਕੰਬਖਤ ਕਬਾੜ ਦੀ ਦੁਕਾਨ ਕਰਦਾ ਹੈ।"

*********

ਸੰਜੂ ਆਟੋ ਵਿੱਚ ਸਫਰ ਕਰ ਰਿਹਾ ਸੀ। ਆਟੋ ਵਾਲਾ ਬੋਲਿਆ, "30 ਰੁਪਏ ਹੋਏ ਸਾਹਿਬ।"
ਸੰਜੂ ਨੇ ਉਸ ਨੂੰ 15 ਰੁਪਏ ਦਿੱਤੇ। ਇਹ ਦੇਖ ਕੇ ਆਟੋ ਵਾਲਾ ਬੋਲਿਆ, "ਇਹ ਤਾਂ ਅੱਧਾ ਹੈ ਸਾਹਿਬ।"
ਸੰਜੂ, "ਹਾਂ, ਤੂੰ ਵੀ ਤਾਂ ਬੈਠ ਕੇ ਆਇਆ ਏਂ, ਅੱਧਾ ਤੂੰ ਦੇ।"

*********

ਮੋਟੂ, 'ਮੈਨੂੰ ਬੜਾ ਅਫਸੋਸ ਹੋਇਆ ਇਹ ਸੁਣ ਕੇ ਕਿ ਤੇਰੀ ਪਤਨੀ ਤੇਰੇ ਰਸੋਈਏ ਨਾਲ ਭੱਜ ਗਈ?"
ਛੋਟੂ, "ਹਾਂ, ਦੁੱਖ ਤਾਂ ਮੈਨੂੰ ਵੀ ਹੋਇਆ। ਇੰਨਾ ਵਧੀਆ ਖਾਣਾ ਬਣਾਉਣ ਵਾਲਾ ਰਸੋਈਆ ਮੈਨੂੰ ਕਿੱਥੋਂ ਮਿਲੇਗਾ?"

*********

ਮੈਨੂੰ ਤਾਂ ਗਰਮੀਆਂ ਇਸ ਲਈ ਪਸੰਦ ਹਨ ਕਿ ਮਹਿਮਾਨ ਪਸੀਨਾ ਦੇਖ ਕੇ ਕਹਿੰਦੇ ਹਨ: 'ਮੁੰਡਾ ਮਿਹਨਤੀ ਲੱਗਦੈ, ਕਹੋ ਤਾਂ ਰਿਸ਼ਤੇ ਦੀ ਕਿਤੇ ਗੱਲ ਚਲਾ ਦੇਈਏ?'

*********

ਪਿੰਕੀ, "ਮਰੇ ਪਤੀ ਜਿੰਨੀ ਦੇਰ ਨਹਾਉਂਦੇ ਹਨ, ਗਾਣੇ ਗਾਉਂਦੇ ਰਹਿੰਦੇ ਹਨ।"
ਚਿੰਕੀ, "ਅੱਛਾ, ਗਾਉਣ ਦੇ ਇੰਨੇ ਸ਼ੌਕੀਨ ਹਨ ਉਹ?"
ਪਿੰਕੀ, "ਨਹੀਂ, ਸ਼ੌਕੀਨ ਤਾਂ ਨਹੀਂ, ਗੱਲ ਇਹ ਹੈ ਕਿ ਸਾਡੇ ਬਾਥਰੂਮ ਦੇ ਦਰਵਾਜ਼ੇ ਦੀ ਚਿਟਕਣੀ ਨਹੀਂ ਹੈ।"

*********

ਪਤਨੀ, "ਡਾਰਲਿੰਗ, ਸੁਣਦੇ ਹੋ ਮੇਰੀ ਉਮਰ 48 ਸਾਲ ਹੁੰਦੇ ਹੋਏ ਵੀ ਤੁਹਾਡਾ ਇੱਕ ਦੋਸਤ ਮੇਰੇ ਹੁਸਨ ਦੀ ਤਾਰੀਫ ਕਰਦਾ ਹੈ।"
ਪਤੀ, "ਉਸਮਾਨ ਹੋਵੇਗਾ।"
ਪਤਨੀ, "ਤੁਸੀਂ ਕਿਵੇਂ ਪਛਾਣਿਆ?"
ਪਤੀ, "ਉਹ ਕੰਬਖਤ ਕਬਾੜ ਦੀ ਦੁਕਾਨ ਕਰਦਾ ਹੈ।"


A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀ ਇੰਸਟ੍ਰਕਟਰ



647-998-7500 ਬਲਵਿੰਦਰ

ਜ਼ਰੂਰ ਜਾਣੋ; ਗਿਆਨ ਗੰਗਾ

|| ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ||




- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com | 647-739-4641
satsahibusa@gmail.com | 346-714-0224

GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

Deposit Structure
40k $10,000 Submitted with offer
$10,000 Submitted 90 days after Offer Date
$20,000 Submitted 150 days after Offer Date

Jagdish Grewal
Sales Representative



Residential | Commercial | Investment
(416) 970-5005
Century 21 President Realty Inc Brokerage Independently Owned and Operated
www.vipcondonetwork.com
27 Armthorpe Rd Brampton #3, ON L6T 5M4 | Fax : 905-488-2101
Office: 905-488-2100 Ext. 348

# ਵਿਅੰਗ

## ਜਦੋਂ ਅਚਾਨਕ ਕੋਈ ਹਾਲ ਪੁੱਛੇ

-ਨੂਰ ਸੰਤੋਖਪੁਰੀ

ਬਹੁਤ ਦਿਨਾਂ ਬਾਅਦ ਜਾਂ ਫਿਰ ਮਹੀਨਿਆਂ, ਸਾਲਾਂ ਬਾਅਦ ਜਦੋਂ ਅਚਾਨਕ ਕੋਈ ਆਦਮੀ ਤੁਹਾਡੇ ਹਾਲ-ਚਾਲ ਬਾਰੇ ਪੁੱਛੇ, ਤੁਹਾਡੀ ਖੈਰੀਅਤ ਜਾਨਣ ਦੀ ਕੋਸ਼ਿਸ਼ ਕਰੇ, ਉਦੋਂ ਤੁਹਾਡਾ ਜੀਅ ਘਬਰਾ ਜਿਹਾ ਜਾਂਦਾ ਹੈ। ਦਿਲ ਪਿੱਪਲ ਦੇ ਪੱਤੇ ਵਾਂਗ ਕੰਬਣ ਲੱਗਦਾ ਹੈ। ਮਨ ਵਿੱਚ ਸ਼ੱਕ ਪੈਦਾ ਹੋ ਜਾਂਦਾ ਹੈ। ਤੁਹਾਡੇ ਰੋਮ-ਰੋਮ ਵਿੱਚ ਝੁਣਝੁਣੀ ਛਿੜ ਪੈਂਦੀ ਏ ਤੇ ਤੁਸੀਂ ਹਾਲ ਚਾਲ ਪੁੱਛਣ ਵਾਲੇ ਦੀ, ਖੈਰੀਅਤ ਜਾਨਣ ਦੀ ਕੋਸ਼ਿਸ਼ ਕਰਨ ਵਾਲੇ ਦੀ ਸ਼ਕਲ-ਸੂਰਤ ਤੇ ਆਵਾਜ਼ ਪਛਾਣਨ ਦਾ ਯਤਨ ਕਰਨ ਲੱਗਦੇ ਹੋ। ਉਸ ਦੀ ਮਨਸ਼ਾ ਤੇ ਇੱਛਾ ਭਾਂਪਣ ਦੀ, ਉਸ ਦੇ ਮਨੋਰਥ ਦਾ ਕੱਦ ਨਾਪਣ ਦੀ ਕੋਸ਼ਿਸ਼ ਕਰਨ ਲੱਗਦੇ ਹੋ। ਤੁਸੀਂ ਫਟਾਫਟ ਆਪਣੇ ਜ਼ਿਹਨ ਉਤੇ ਜ਼ੋਰ ਪਾ ਕੇ ਸੋਚਣ ਲੱਗਦੇ ਹੋ ਕਿ ਇਸ ਸ਼ਖਸ ਨੇ ਪਹਿਲਾਂ ਇੰਨੀ ਈ.. ਦੇਰ ਇਹ ਜਾਨਣ ਦੀ ਤਕਲੀਫ ਨਹੀਂ ਕੀਤੀ ਕਿ ਤੁਸੀਂ ਕਿਸ ਹਾਲ ਵਿੱਚ, ਕਿਸ ਚਾਲ (ਕੋਠੜੀ) ਵਿੱਚ ਜਿਊਂਦੇ-ਮਰਦੇ ਹੋ? ਕਿਹੜਾ ਕਿਹੜਾ ਦੁੱਖ ਤੇ ਕਸ਼ਟ ਸਹਿੰਦੇ ਰਹੇ ਹੋ। ਅੱਜ ਅਚਾਨਕ ਇਹ ਸ਼ਖਸ ਸਾਡਾ ਹਾਲ ਚਾਲ ਪੁੱਛ ਰਿਹਾ ਏ। ਸਾਡੀ ਖੈਰੀਅਤ ਤੇ ਸਲਾਮਤੀ ਬਾਰੇ ਪੁੱਛ ਰਿਹਾ ਏ। ਭੂਤਨੀ ਦਾ ਅਸਤਰ, ਇਹ ਇੰਨੀ ਈ.. ਈ.. ਦੇਰ ਦਾ ਕਿੱਥੇ ਸੀ? ਅੱਜ ਅਚਾਨਕ ਕਿਸੇ ਸੜਕ ਵਿੱਚ ਪਏ ਟੋਏ ਵਾਂਗ ਆ ਸਾਹਮਣੇ ਪ੍ਰਗਟ ਹੋਇਆ ਹੈ।

ਤੁਹਾਡੇ ਵੱਲੋਂ ਹੈਰਤ 'ਚ ਪੈ ਜਾਣਾ, ਅਚੰਭਿਤ ਹੋ ਜਾਣਾ ਸੌ ਫੀਸਦੀ ਜਾਇਜ਼ ਅਤੇ ਸੁਭਾਵਿਕ ਹੈ ਕਿਉਂਕਿ ਹਦਵਾਣੇ ਵਰਗੇ ਗਲੋਬਲੀ ਪਿੰਡ ਉਰਫ ਸੰਸਾਰ ਵਿੱਚ ਅੱਜਕੱਲ੍ਹ ਸੌ ਆਦਮੀਆਂ ਵਿੱਚੋਂ ਨੜਿਨਵੇਂ ਆਦਮੀ ਰੁੱਝੇ ਹੋਣ ਦਾ ਢੋਂਗ ਅਤੇ ਨਾਟਕ, ਮਕਰ ਜਿਹਾ ਕਰ ਕੇ ਦੂਸਰੇ ਲੋਕਾਂ ਨਾਲ ਕੋਈ ਰਾਬਤਾ, ਕੋਈ ਮੇਲ-ਮਿਲਾਪ, ਵਰਤੋਂ ਵਿਹਾਰ ਨਹੀਂ ਰੱਖਦੇ। ਕੋਈ ਵਾਸਤਾ ਨਹੀਂ ਰੱਖਦੇ। ਬੋਲਾਂ ਦੀ ਸਾਂਝ ਨਹੀਂ ਰੱਖਦੇ। ਹਾਂ, ਕੁਬੋਲ, ਮਾੜਾ ਤੇ ਭੈੜਾ ਬੋਲਣ ਦਾ ਕੋਈ ਮੌਕਾ ਨਹੀਂ ਗੁਆਉਂਦੇ। ਚੰਗੀ ਖੇਚਲ ਕਰਨ ਦੇ ਡਰ ਤੋਂ ਕਿਸੇ ਦੇ ਕੋਲ ਬੈਠ ਕੇ ਉਸ ਦੇ ਸੁੱਖ-ਦੁੱਖ ਵਿੱਚ ਸ਼ਰੀਕ ਨਹੀਂ ਹੁੰਦੇ। ਹਰ ਕੋਈ ਦੂਸਰੇ ਤੋਂ ਪਾਸਾ ਵੱਟ ਕੇ, ਮੂੰਹ ਫੇਰ ਕੇ, ਰਸਤਾ (ਕਾਂਟਾ) ਬਦਲ ਕੇ ਲੰਘ ਜਾਂਦਾ ਹੈ ਤੇ ਤੁਸੀਂ ਆਪਣੇ ਜਾਣ-ਪਛਾਣ ਵਾਲਿਆਂ ਦੀਆਂ ਪਿੱਠਾਂ ਤੱਕਦੇ ਰਹਿ ਜਾਂਦੇ ਹੋ। ਦੋ ਮਿੱਠੇ ਬੋਲ ਸੁਣਨ ਨੂੰ ਤਰਸ ਜਾਂਦੇ ਹੋ। ਅੱਜ ਤਾਂ ਰਾਹ-ਚੱਲਦਿਆਂ 'ਹੈਲੋ-ਹੈਲੋ' ਦਾ ਰਿਵਾਜ ਵੀ ਖਤਮ ਹੋ ਰਿਹਾ ਹੈ। ਤੁਹਾਡਾ-ਸਾਡਾ ਅੰਦਰ ਰੋ ਰਿਹਾ ਹੈ। ਤੁਹਾਨੂੰ ਮਹਿਸੂਸ ਹੁੰਦਾ ਹੈ ਕਿ ਤੁਹਾਡੇ ਆਲੇ ਦੁਆਲੇ ਰਹਿਣ ਵਾਲੇ ਲੋਕਾਂ ਨੇ ਆਪਣੇ ਵਜੂਦ ਦੁਆਲੇ ਬੁੱਕਲ ਮਾਰ ਕੇ ਮੌਨ ਲਪੇਟ ਲਿਆ ਏ। ਮੂੰਹਾਂ 'ਤੇ ਅਲੀਗੜ੍ਹੀ ਜਿੰਦਰੇ ਮਾਰ ਲਏ ਨੇ। ਦਿਲਾਂ ਦੇ ਬੂਹੇ ਬੰਦ ਕਰ ਲਏ ਨੇ। ਤੁਹਾਨੂੰ ਜਾਪਦਾ ਹੈ ਕਿ ਤੁਸੀਂ ਗੂੰਗਿਆਂ, ਬੋਲਿਆਂ, ਨਜ਼ਰ ਤੋਂ ਆਰੀ (ਮੁਥਾਜ) ਲੋਕਾਂ ਦੀ ਦੁਨੀਆ 'ਚ ਰਹਿੰਦੇ ਤੇ ਜਿਊਂਦੇ ਪਏ ਹੋ। ਆਲਮ ਲੁਹਾਰ ਦੇ ਇੱਕ ਗੀਤ ਦੇ ਬੋਲ ਤੁਹਾਡੇ ਕੰਨਾਂ 'ਚ ਗੂੰਜਣ ਲੱਗ ਪੈਂਦੇ ਨੇ, "ਵਾਜਾਂ ਮਾਰੀਆਂ, ਬੁਲ-ਾਇਆ ਕਈ ਵਾਰ ਮੈਂ, ਕਿਸੇ ਨੇ ਮੇਰੀ ਗੱਲ ਨਾ ਸੁਣੀ। ਹੋ ...ਵਾਜਾਂ ਮਾਰੀਆਂ...।"

ਕੋਈ ਵੇਖ ਕੇ ਵੀ ਤੁਹਾਨੂੰ ਨਾ ਵੇਖੇ, ਨਾ ਪਛਾਣੇ ਅਤੇ ਨਾ ਬੁਲਾਏ ਤਾਂ ਫਿਰ ਤੁਹਾਡੇ ਦਿਲ ਉਤੇ ਕੀ ਗੁਜ਼ਰਦੀ ਏ, ਇਹ ਸਿਰਫ ਤੁਸੀਂ ਜਾਣਦੇ ਹੋ। ਤੁਹਾਡਾ ਗੁਆਂਢੀ ਨਹੀਂ ਜਾਣਦਾ। ਗੁਆਂਢਣ ਨਹੀਂ ਸੁਣਦੀ।

ਫਿਰ ਇਸ ਲਈ ਤੁਸੀਂ ਭਵੰਤਰ ਜਿਹੇ ਜਾਂਦੇ ਹੋ, ਜਦੋਂ ਕੋਈ ਅਚਾਨਕ ਇੱਕ ਮੁੱਦਤ ਬਾਅਦ ਤੁਹਾਡਾ ਹਾਲ ਚਾਲ ਪੁੱਛਦਾ ਹੈ। ਤੁਹਾਡੀ ਖੈਰੀਅਤ ਬਾਰੇ ਪੁੱਛਦਾ ਹੈ। ਜੇ ਕੋਈ ਬੰਦਾ ਪਿਆਰ ਅਤੇ ਮੋਹ ਨਾਲ ਤੁਹਾਡੇ ਮੋਢੇ 'ਤੇ ਹੱਥ ਰੱਖ ਦੇਵੇ ਤਾਂ ਤੁਸੀਂ ਕਿਸੇ ਸ਼ਾਇਰ ਵਾਂਗ ਭਾਵੁਕ ਹੋ ਜਾਂਦੇ ਹੋ। ਤੁਹਾਡਾ ਮਨ ਡਾਢਾ ਖੁਸ਼ ਹੋ ਜਾਂਦਾ ਹੈ ਤੇ ਹੋ ਸਕਦਾ ਹੈ ਕਿ ਖੀਵੇ ਹੋ ਕੇ ਰੋਣ ਹੀ ਲੱਗ ਪਵੋ। ਰੁਕੋ ਜਨਾਬ। ਹੋ ਜਾਓ ਸਾਵਧਾਨ। ਖੁਸ਼ੀ 'ਚ ਭਾਵੁਕ ਹੋ ਕੇ ਹੰਝੂ ਕੇਰਨ ਤੋਂ ਪਹਿਲਾਂ ਸੋਚੋ ਕਿ ਹਮਦਰਦ, ਹਿੱਤੂ, ਸ਼ੁਭਚਿੰਤਕ ਦੇ ਭੇਸ 'ਚ ਕੋਈ ਧੋਖੇਬਾਜ਼, ਫਰੇਬੀ, ਕਪਟੀ ਬੰਦਾ ਹੋ ਸਕਦਾ ਹੈ। ਕਈ ਝੂਠੇ ਮੋਹ-ਪਿਆਰ ਅਤੇ ਹੇਜ ਜਤਾਉਣ ਵਾਲੇ ਠੱਗ, ਮਹਾਠੱਗ, ਬੇਈਮਾਨ ਵੀ ਹੁੰਦੇ ਨੇ। ਫੱਫੇ ਕੁਟਣੀਆਂ ਵੱਧ ਹੇਜਲੀਆਂ ਹੁੰਦੀਆਂ ਨੇ। ਮਤਲਬ ਪ੍ਰਸਤ, ਖੁਦਗਰਜ਼ ਗੱਲਾਂ ਗੱਲਾਂ ਵਿੱਚ ਤੁਹਾਡੇ ਕੋਲੋਂ ਧਨ-ਮਾਲ ਠੱਗ ਸਕਦੇ ਹਨ। ਤੁਹਾਡੇ ਦਿਲ ਦਾ ਚੈਨ-ਕਰਾਰ, ਮਨ ਦਾ ਸਕੂਨ ਖੋਹ ਸਕਦੇ ਹਨ। ਇਸ ਲਈ ਜਨਾਬੇ-ਆਲਾ ਤੇ ਆਲੀ, ਹੋਸ਼ੋ-ਹਵਾਸ ਨਾਲ ਕਿਸੇ ਕੋਲ ਹਾਲ-ਏ-ਦਿਲ ਬਿਆਨ ਕਰੋ। ਮਨ ਦੇ ਰਾਜ਼ ਸਾਂਝੇ ਕਰੋ। ਆਪਣੇ ਦਿਲ ਤੇ ਘਰ ਦੇ ਬੂਹੇ-ਬਾਰੀਆਂ ਚੌੜ-ਚੁਪੱਟ ਖੁੱਲ੍ਹੇ ਨਾ ਰੱਖੋ। ਖੈਰਖਾਹ ਤੇ ਹਮਦਰਦ ਦੇ ਭੇਸ 'ਚ ਕੋਈ ਚੋਰ-ਲੁਟੇਰਾ ਜਾਂ ਠੱਗ ਤੁਹਾਡੇ ਦਿਲ 'ਚ, ਤੁਹਾਡੇ ਘਰ ਵੜ ਸਕਦਾ ਹੈ। ਜੇ ਹੋਰ ਲੋਕਾਂ ਨੇ ਭਾਵੁਕਤਾ ਸੰਜੀਦਗੀ ਤੇ ਇਨਸਾਨੀਅਤ ਦਾ ਬੋਝ ਆਪਣੇ ਸੀਨਿਆਂ ਉਪਰੋਂ ਲਾਹ ਕੇ ਹੇਠਾਂ ਪੈਰਾਂ 'ਚ ਸੁੱਟ ਦਿੱਤਾ ਹੈ, ਤਾਂ ਤੁਸੀਂ ਕਿਉਂ ਨਹੀਂ ਸੁੱਟ ਦਿੰਦੇ? ਕਿਉਂ ਚੁੱਕੀ ਫਿਰਦੇ ਓ ਬਉਰਿਆਂ ਵਾਂਗ? ਕਿਉਂ ਸਤਾਰਵੀਂ-ਅਠਾਰਵੀਂ ਸਦੀ 'ਚ ਜਿਊਂਦੇ ਹੋ? ਕੀ ਤੁਹਾਨੂੰ ਪਤਾ ਨਹੀਂ ਕਿ ਇਹ ਮਹਾਚੰਡਾਲਣੀ, ਮਹਾਠੱਗਣੀ ਚਾਰ ਸੌ ਵੀਹ, ਨਿਰਮੋਹੀ ਇੱਕੀਵੀਂ ਸਦੀ ਏ? ਇਹ ਬਹੁਰੂਪਣੀ ਸਦੀ ਏ?

ਅਜਿਹੀ ਵੀ ਕੋਈ ਗੱਲ ਨਹੀਂ ਕਿ ਦੁਨੀਆ 'ਚ ਸਾਰੇ ਲੋਕ ਗੂੰਗੇ, ਬੋਲੇ ਤੇ ਨਜ਼ਰ ਵਿਹੂਣੇ ਹੋ ਚੁੱਕੇ ਹੋਣ। ਉਹ ਕਿਸੇ ਦਾ ਹਾਲ ਚਾਲ ਨਾ ਪੁੱਛਦੇ ਹੋਣ। ਕਿਸੇ ਨੂੰ ਸਿਆਣਦੇ ਭਾਵ ਪਛਾਣਦੇ ਨਾ ਹੋਣ। ਕਿਸੇ ਨਾਲ ਮੇਲ-ਜੋਲ ਵਧਾਉਣ ਦੀ ਕੋਸ਼ਿਸ਼ ਨਾ ਕਰਦੇ ਹੋਣ। ਮਲਟੀਚੇਨ ਬਿਜ਼ਨਸ ਚਲਾਉਣ ਵਾਲੇ, ਬੀਮਾ ਕੰਪਨੀਆਂ ਦੇ ਏਜੰਟਸ, ਮੁਫਤਖੋਰੇ, ਦਲਾਲ, ਢੌਂਗੀ, ਬਾਬੇ, ਠੱਗ, ਸਮਰਾਟ, ਮਤਲਬਪ੍ਰਸਤ, ਨੋਟ ਦੁੱਗਣੇ ਕਰਨ ਵਾਲੇ, ਮੁਖਬਰ, ਜਾਸੂਸ, ਆਨਲਾਈਨ ਠੱਗੀ-ਠੋਰੀ ਦਾ ਧੰਦਾ ਕਰਨ ਵਾਲੇ ਸਭ ਤਰ੍ਹਾਂ ਦੇ ਭਿਖਾਰੀ, ਚੋਣਾਂ ਦੌਰਾਨ ਦਰ-ਦਰ ਦੀ ਖਾਕ ਛਾਨਣ ਵਾਲੇ ਲੀਡਰ-ਸ਼ੀਡਰ ਵਗੈਰਾ ਵਗੈਰਾ ਬਹੁਤ ਮਿੱਠੇ ਤੇ ਅਪਣੱਤ ਭਰੇ ਅਲਫਾਜ਼ 'ਚ ਤੁਹਾਡਾ, ਤੁਹਾਡੇ ਟੱਬਰ ਦਾ, ਮਾਲ ਡੰਗਰ ਦਾ, ਖੇਤੀਬਾੜੀ, ਕਾਰੋਬਾਰ ਦਾ ਹਾਲ ਪੁੱਛਦੇ ਹਨ। ਗੱਲਾਂ ਗੱਲਾਂ 'ਚ ਤੁਹਾਡੇ ਉਤੇ ਆਪਣਾ ਪ੍ਰਭਾਵ ਪਾਉਂਦੇ ਤੇ ਗੱਲਾਂ ਦੇ ਕੜਾਹ ਨਾਲ ਹੀ ਤੁਹਾਨੂੰ ਰਜਾਉਂਦੇ ਹਨ। ਤੁਹਾਡੀ ਹੈਸੀਅਤ, ਔਕਾਤ ਤੇ ਮਾਲੀ ਹਾਲਤ ਦਾ ਜਾਇਜ਼ਾ ਲੈਂਦੇ ਤੇ ਤੁਹਾਨੂੰ ਲੁੱਟਣ, ਠੱਗਣ ਤੇ ਚਿੱਤ ਕਰਨ ਦੇ ਮਨਸੂਬੇ ਬਣਾਉਂਦੇ ਹਨ। ਜੇ ਤੁਸੀਂ ਚੌਕੰਨੇ ਨਾ ਰਹੇ ਤਾਂ ਫਿਰ ਤੁਹਾਡਾ ਚਿੱਤ ਤੇ ਜਿੱਚ ਹੋਣਾ ਯਕੀਨੀ ਹੈ। ਕਈ ਨੇਤਣੀਆਂ ਤੇ ਨੇਤਾ ਤੁਹਾਡੇ ਕੋਲੋਂ ਕੀਮਤੀ ਵੋਟਾਂ ਲੈ ਕੇ ਆਪਣੀ ਕੀਮਤ ਕਰੋੜਾਂ ਗੁਣਾ ਕਰ ਲੈਂਦੇ ਹਨ ਤੇ ਅਗਲੀਆਂ ਚੋਣਾਂ ਤੱਕ ਤੁਹਾਡੇ ਵੱਲੋਂ ਮੂੰਹ ਫੇਰ ਲੈਂਦੇ ਹਨ। ਤੁਸੀਂ ਪਛਤਾਉਂਦੇ ਰਹਿ ਜਾਂਦੇ ਹੋ। ਅੱਡੀਆਂ ਚੁੱਕ-ਚੁੱਕ ਤਰੱਕੀ ਦਾ ਰਾਹ ਤੱਕਦੇ ਹੋ ਤੇ ਉਹ ਤੁਹਾਡੇ ਤੱਕ ਪਹੁੰਚਦੀ ਨਹੀਂ। ਉਹ ਰਾਹ 'ਚ ਕਿਧਰੇ ਗਾਇਬ ਹੋ ਜਾਂਦੀ ਹੈ। ਅਗਵਾ ਹੋ ਜਾਂਦੀ ਏ। ਤੁਸੀਂ ਭੋਲੇ-ਭਾਲੇ, ਸਿੱਧੇ-ਸਾਦੇ ਲੋਕ ਸੋਚਦੇ ਹੋ ਕਿ ਸੁਆਰਥੀ, ਲਾਲਚੀ, ਲੋਭੀ ਤੇ ਫਰੇਬੀ ਲੋਕਾਂ ਨੂੰ ਕਾਹਨੂੰ ਆਪਣਾ ਹਾਲ ਚਾਲ ਦੱਸਿਆ? ਖੈਰ ਬੀਮਾ ਏਜੰਟਸ ਟੇਢੇ ਢੰਗ ਨਾਲ ਤੁਹਾਡੀ ਸਲਾਮਤੀ ਚਾਹੁੰਦੇ ਹੋਏ ਤੁਹਾਡੇ ਟੱਬਰ ਦੇ ਜੀਆਂ ਦੇ ਸੁੱਖ ਭਰਪੂਰ ਭਵਿੱਖ ਦੀ ਗਾਰੰਟੀ ਦਿੰਦੇ ਹਨ। ਐਪਰ ਹਰੇਕ ਕਿਸ਼ਤ ਖੁਦ ਭਰਿਆ ਕਰੋ।

## ਵਿਆਹ: ਰਵਾਇਤਾਂ ਤੋਂ ਪਾਰ ਝਾਕਣ ਦਾ ਵੇਲਾ

-ਸੋਹਜ ਦੀਪ

ਸਾਡਾ ਭਾਰਤੀ ਸਮਾਜ ਵਿਆਹ ਨੂੰ ਬਹੁਤ ਅਹਿਮੀਅਤ ਦਿੰਦਾ ਹੈ। ਬੱਚੇ ਦੇ ਜਨਮ ਤੋਂ ਹੀ ਉਸ ਦੇ ਵਿਆਹ ਦੇ ਚਾਅ ਭਾਰਤੀ ਮਾਂ ਬਾਪ ਦੇ ਮਨ ਵਿੱਚ ਉਸਲਵੱਟੇ ਲੈਣੇ ਸ਼ੁਰੂ ਕਰ ਦਿੰਦੇ ਹਨ, ਪਰ ਵਿਆਹ ਕਿਉਂ ਕਰਾਉਣਾ ਚਾਹੀਦਾ ਹੈ ਜਾਂ ਮਾਂ ਪਿਉ ਨੇ ਵਿਆਹ ਕਿਉਂ ਕਰਾਇਆ ਸੀ, ਇਹ ਪ੍ਰਸ਼ਨ ਨਾ ਕਦੇ ਉਨ੍ਹਾਂ ਨੇ ਖੁਦ ਤੋਂ ਪੁੱਛਿਆ ਹੁੰਦਾ ਹੈ ਅਤੇ ਨਾ ਬੱਚਿਆਂ ਨੂੰ ਇਸ ਬਾਰੇ ਸੋਚਣ ਦਾ ਹੱਕ ਦਿੱਤਾ ਜਾਂਦਾ ਹੈ। ਵਿਆਹ ਕਰਾਉਣ ਦੇ ਕੀ ਕਾਰਨ ਹਨ? ਇਸ ਪ੍ਰਸ਼ਨ ਬਾਰੇ ਨਾ ਸਾਡੀ ਪਿਛਲੀ ਪੀੜ੍ਹੀ ਚੇਤਨ ਸੀ ਅਤੇ ਨਾ ਅਸੀਂ ਹਾਂ। ਚੇਤਨ ਤਾਂ ਕੀ, ਇਹ ਸਵਾਲ ਹੀ ਗੈਰ ਹਾਜ਼ਰ ਹੈ। ਸਦੀਆਂ ਤੋਂ ਇਹੀ ਭੇਡ ਚਾਲ ਚੱਲ ਰਹੀ ਹੈ। ਮੇਰੇ ਖਿਆਲ ਅਨੁਸਾਰ ਵਿਆਹ ਕਰਵਾਉਣ ਜਾਂ ਨਾ ਕਰਵਾਉਣ ਦਾ ਫੈਸਲਾ ਕਿਸੇ ਵੀ ਸ਼ਖਸ ਦੀ ਆਪਣੀ ਚੋਣ ਹੋਣਾ ਚਾਹੀਦਾ ਹੈ। ਵਿਆਹ ਮਹਿਜ਼ ਇਸ ਲਈ ਨਹੀਂ ਕਰਵਾਇਆ ਜਾਣਾ ਚਾਹੀਦਾ ਕਿ ਵਿਆਹ ਦੀ ਉਮਰ ਹੋ ਗਈ ਹੈ ਜਾਂ ਲੋਕ ਕੀ ਕਹਿਣਗੇ ਜਾਂ ਪਰਵਾਰ ਦੇ ਲੋਕ ਵਿਆਹ ਕਰਵਾ ਲੈਣ ਦੀ ਜ਼ਿੱਦ ਕਰਦੇ ਹਨ। ਸਿਰਫ ਇਸ ਕਰਕੇ ਵਿਆਹ ਕਰਵਾ ਲੈਣਾ ਸਹੀ ਨਹੀਂ। ਵਿਆਹ ਉਦੋਂ ਕਰਾਉਣਾ ਚਾਹੀਦਾ ਹੈ, ਜਦੋਂ ਤੁਸੀਂ ਤਿਆਰ ਹੋਵੋ। ਇਹ ਤਿਆਰੀ ਸਰੀਰਕ, ਮਾਨਸਿਕ ਤੇ ਆਰਥਿਕ ਪੱਧਰ ਉਤੇ ਹੋਣੀ ਚਾਹੀਦੀ ਹੈ, ਪਰ ਅਸੀਂ ਕਿਸੇ ਵੀ ਤਰ੍ਹਾਂ ਦੀ ਤਿਆਰੀ ਬਗੈਰ ਨਵੇਂ ਸਫਰ ਉਤੇ ਤੁਰ ਪੈਂਦੇ ਹਾਂ। ਸਾਡੇ ਵਿਆਹ ਕਰਵਾਉਣ ਉਤੇ ਸਾਰੇ ਜ਼ੋਰ ਦੇਣ ਲੱਗ ਪੈਂਦੇ ਹਨ, ਪਰ ਵਿਆਹ ਨੂੰ ਨਿਭਾਉਣ ਲਈ ਸਾਡੇ ਕੋਲ ਕੋਈ ਮਾਡਲ ਨਹੀਂ ਹੈ। ਇਹ ਵੀ ਹੈ ਕਿ ਜਿਵੇਂ ਜ਼ਿੰਦਗੀ ਜਿਉਣ ਦਾ ਕੋਈ ਖਾਸ ਫਾਰਮੂਲਾ ਨਹੀਂ ਹੈ, ਇਸੇ ਤਰ੍ਹਾਂ ਸਫਲ ਵਿਆਹ ਦਾ ਵੀ ਕੋਈ ਇਕ ਮਾਡਲ ਨਹੀਂ ਹੋ ਸਕਦਾ।

ਮਨੁੱਖ ਸਮਾਜਿਕ ਪ੍ਰਾਣੀ ਹੈ। ਹਰ ਸ਼ਖਸ ਨੂੰ ਜ਼ਿੰਦਗੀ ਜਿਉਣ ਲਈ ਸਾਥ ਦੀ ਲੋੜ ਹੈ। ਵਿਆਹ ਕੁਝ ਹੱਦ ਤੱਕ ਉਹ ਸਹੂਲਤ ਦੇ ਦਿੰਦਾ ਹੈ। ਵਿਆਹ ਦੋ ਵੱਖਰੀਆਂ ਹਸਤੀਆਂ ਨੂੰ ਰਿਸ਼ਤੇ ਵਿੱਚ ਬੰਨ੍ਹਦਾ ਹੈ। ਵਿਆਹ ਦਾ ਦੂਜਾ ਨਾਮ ਪ੍ਰਤੀਬੱਧਤਾ ਹੈ ਜ਼ਿੰਦਗੀ ਦੇ ਉਤਰਾਉ ਚੜ੍ਹਾਉ ਵਿੱਚ ਸਾਥ ਨਿਭਾਉਣ ਦੀ। ਇਸ ਲਈ ਧੀਰਜ ਦੀ ਲੋੜ ਹੈ। ਜ਼ਿੰਦਗੀ ਦੇ ਔਖੇ ਸਮੇਂ ਹਰ ਸ਼ਖਸ ਨੂੰ ਸਾਥੀ ਦੀ ਲੋੜ ਹੁੰਦੀ ਹੈ। ਵਿਆਹ ਨਾਲ ਇਹ ਸੰਭਵ ਹੋ ਜਾਂਦੀ ਹੈ, ਪਰ ਇਸ ਦੇ ਲਈ ਦੋਵੇਂ ਧਿਰਾਂ ਦਾ ਸਹਿਯੋਗ ਮਹੱਤਵ ਪੂਰਨ ਹੈ। ਵਿਆਹ ਸਾਨੂੰ ਬਿਹਤਰ ਇਨਸਾਨ ਬਣਾ ਸਕਦਾ ਹੈ। ਅਸੀਂ ਆਪਣੇ ਤੋਂ ਇਲਾਵਾ ਦੂਜੇ ਇਨਸਾਨ ਨੂੰ ਪਿਆਰ ਕਰਨਾ ਅਤੇ ਜ਼ਿੰਮੇਵਾਰੀਆਂ ਨਿਭਾਉਣਾ ਸਿੱਖਦੇ ਹਾਂ, ਪਰ ਇਸ ਲਈ ਸਭ ਤੋਂ ਅਹਿਮ ਗੱਲ ਆਪਸੀ ਸਮਝ ਹੈ।

ਸੰਸਾਰ ਦੇ ਹੋਰ ਦੇਸ਼ਾਂ ਦੇ ਮੁਕਾਬਲੇ ਭਾਰਤ ਵਿੱਚ ਤਲਾਕ ਦਰ ਘੱਟ ਹੈ ਪਰ ਤਲਾਕ ਦਰ ਘੱਟ ਹੋਣਾ ਤੇ ਵਿਆਹੁਤਾ ਜ਼ਿੰਦਗੀ ਦਾ ਖੁਸ਼ਹਾਲ ਹੋਣਾ ਦੋ ਵੱਖਰੀਆਂ ਗੱਲਾਂ ਹਨ। ਭਾਰਤ ਵਿੱਚ ਤਲਾਕ ਦਰ ਇਸ ਲਈ ਘੱਟ ਹੈ ਕਿ ਅਸੀਂ 'ਲੋਕ ਕੀ ਕਹਿਣਗੇ', 'ਸਹੁਰੇ ਘਰੋਂ ਕੁੜੀ ਦੀ ਅਰਥੀ ਹੀ ਨਿਕਲਦੀ ਹੁੰਦੀ ਹੈ' ਆਦਿ ਡਰ ਤੇ ਨਸੀਹਤਾਂ ਵਿੱਚ ਘਿਰ ਕੇ ਘੁਟ-ਘੁਟ ਕੇ ਜਿਉਂਦੇ ਰਹਿੰਦੇ ਹਾਂ। ਅਜਿਹੇ ਹਾਲਾਤ ਵਿੱਚ ਨਾ ਅਸੀਂ ਆਪ ਖੁਸ਼ ਹੁੰਦੇ ਹਾਂ ਅਤੇ ਨਾ ਦੂਜੇ ਨੂੰ ਖੁਸ਼ ਰਹਿਣ ਦਿੰਦੇ ਹਾਂ। ਕੀ ਵਿਆਹੁਤਾ ਜੀਵਨ ਇੰਨਾ ਮੁਸ਼ਕਿਲ ਹੈ? ਜ਼ਿੰਦਗੀ ਨੂੰ ਥੋੜ੍ਹੀ ਜਿਹੀ ਸਮਝਦਾਰੀ ਨਾਲ ਸੌਖਾ ਬਣਾਇਆ ਜਾ ਸਕਦਾ ਹੈ। ਇਸ ਲਈ ਸਾਨੂੰ ਸਿਰਫ ਆਪਣੀ ਸੋਚ ਅਤੇ ਆਦਤਾਂ ਬਦਲਣ ਦੀ ਲੋੜ ਹੈ।

ਵਿਆਹ ਨਾਲ ਸਭ ਤੋਂ ਵੱਧ ਤਬਦੀਲੀ ਦਾ ਸਾਹਮਣਾ ਔਰਤ ਨੂੰ ਹੀ ਕਰਨਾ ਪੈਂਦਾ ਹੈ। ਕੁੜੀ ਦੇ ਹਾਰ ਸ਼ਿੰਗਾਰ, ਪਹਿਰਾਵੇ ਤੇ ਘਰੇਲੂ ਕੰਮ ਦੀਆਂ ਜ਼ਿੰਮੇਵਾਰੀਆਂ ਤੋਂ ਲੈ ਕੇ ਹਰ ਪੱਧਰ ਉਤੇ ਬਦਲਾਓ ਦੀ ਇੱਛਾ ਕੀਤੀ ਜਾਂਦੀ ਹੈ। ਉਸ ਤੋਂ ਇਹ ਆਸ ਕੀਤੀ ਜਾਂਦੀ ਹੈ ਕਿ ਉਹ ਜਿਹੜੀ ਜ਼ਿੰਦਗੀ ਜਿਉਂਦੀ ਆਈ ਹੈ, ਛੱਡ ਕੇ ਨਵੇਂ ਤੌਰ ਤਰੀਕੇ ਰੱਖੇ। ਇਸ ਗੱਲ ਦਾ ਕੋਈ ਅਰਥ ਨਹੀਂ ਕਿ ਜਿਸ ਨੂੰ ਬਦਲਿਆ ਜਾਣਾ ਹੈ, ਉਹ ਇਸ ਬਾਰੇ ਕੀ ਸੋਚਦੀ ਹੈ। ਅਜਿਹਾ ਧੱਕਾ ਔਰਤ ਨੂੰ ਤੋੜ ਦਿੰਦਾ ਹੈ। ਜੇ ਅਸੀਂ ਕਿਸੇ ਪੌਦੇ ਨੂੰ ਜੜ੍ਹਾਂ ਤੋਂ ਪੁੱਟ ਕੇ ਕਿਸੇ ਹੋਰ ਥਾਂ ਉਗਾਉਣ ਦੀ ਕੋਸ਼ਿਸ਼ ਕਰਾਂਗੇ ਤਾਂ ਉਹ ਪੌਦਾ ਵੱਧ ਫੁੱਲ ਨਹੀਂ ਸਕਦਾ, ਪਰ ਇਸ ਦੇ ਬਾਵਜੂਦ ਵਿਆਹ ਦੀ ਸੰਸਥਾ ਔਰਤ ਨੂੰ ਉਸ ਦੇ ਪੁਰਾਣੇ ਮਾਹੌਲ ਵਿੱਚੋਂ ਕੱਢ ਕੇ ਇਕੋ ਝਟਕੇ ਵਿੱਚ ਨਵੇਂ ਮਾਹੌਲ ਅਨੁਸਾਰ ਹੋਣ ਲਈ ਮਜਬੂਰ ਕਰਦੀ ਹੈ।

ਇਹ ਸਭ ਤੋਂ ਵੱਡੀ ਗਲਤੀ ਹੈ, ਜਿਹੜੀ ਸਾਡਾ ਸਮਾਜ ਕਰਦਾ ਹੈ। ਕਿਸੇ ਵੀ ਸ਼ਖਸ ਨੂੰ ਉਸ ਦੀ ਮਰਜ਼ੀ ਬਗੈਰ ਬਦਲਣ ਦੀ ਕੋਸ਼ਿਸ਼ ਕਰਨਾ ਅਤੇ ਫਿਰ ਉਸ ਤੋਂ ਉਮੀਦ ਕਰਨਾ ਕਿ ਉਹ ਦੂਜੇ ਘਰ ਨੂੰ ਖੁਸ਼ੀ ਅਤੇ ਸਮਰਪਣ ਨਾਲ ਅਪਣਾ ਲਵੇ, ਵੱਡੀ ਭੁੱਲ ਹੈ। ਆਪਣੀਆਂ ਜੜ੍ਹਾਂ ਤੋਂ ਟੁੱਟਿਆ ਮਨੁੱਖ ਦੂਜੀ ਥਾਂ ਆਸਾਨੀ ਨਾਲ ਜੁੜ ਨਹੀਂ ਸਕਦਾ। ਇਸ ਲਈ ਜੇ ਔਰਤ ਨੂੰ ਦੂਜੇ ਗ੍ਰਹਿ ਤੋਂ ਆਈ ਵੱਖਰੀ ਹਸਤੀ ਨਾ ਮੰਨ ਕੇ, ਉਸ ਨੂੰ ਆਪਣੇ ਤਰੀਕੇ ਅਨੁਸਾਰ ਜਿਉਣ ਦੀ ਆਜ਼ਾਦੀ ਦਿੱਤੀ ਜਾਵੇ ਤਾਂ ਉਹ ਨਵੇਂ ਘਰ ਨੂੰ ਖੁਸ਼ੀ ਨਾਲ ਅਪਣਾ ਸਕਦੀ ਹੈ।

ਕਿਸੇ ਵੀ ਭਾਰਤੀ ਔਰਤ ਲਈ ਖਾਣਾ ਬਣਾਉਣਾ ਕਿਉਂ ਜ਼ਰੂਰੀ ਹੈ? ਪੜ੍ਹੀ ਲਿਖੀ ਤੇ ਨੌਕਰੀਸ਼ੁਦਾ ਹੋਣ ਦੇ ਬਾਵਜੂਦ ਭਾਰਤੀ ਔਰਤ ਲਈ ਰੋਟੀ ਬਣਾਉਣ ਨੂੰ ਜ਼ਰੂਰੀ ਗੁਣ ਮੰਨਿਆ ਜਾਂਦਾ ਹੈ। ਜੇ ਰੋਸਈ ਦਾ ਕੰਮ ਨਹੀਂ ਜਾਣਦੀ ਜਾਂ ਰਸੋਈ ਦੀ ਥਾਂ ਆਪਣੀਆਂ ਹੋਰ ਤਰਜੀਹਾਂ ਨੂੰ ਪਹਿਲ ਦਿੰਦੀ ਹੈ ਤਾਂ ਉਸ ਨੂੰ ਨਾਲਾਇਕ ਸਮਝਿਆ ਜਾਂਦਾ ਹੈ। ਔਰਤ ਨੂੰ ਰਸੋਈ ਤੋਂ ਬਾਹਰ ਆਪਣੇ ਆਪ ਨੂੰ ਦੇਖਣ ਦੀ ਆਦਤ ਪਾਉਣੀ ਚਾਹੀਦੀ ਹੈ ਅਤੇ ਸਮਾਜ ਨੂੰ ਔਰਤ ਲਈ ਬਹੁਤ ਜ਼ਰੂਰੀ ਕੰਮ ਰਸੋਈ ਨੂੰ ਨਹੀਂ ਸਮਝਣਾ ਚਾਹੀਦਾ। ਸਾਨੂੰ ਤਰਜੀਹਾਂ ਨੂੰ ਸਮਝਣਾ ਚਾਹੀਦਾ ਹੈ ਅਤੇ ਦੂਜਿਆਂ ਨੂੰ ਵੀ ਸਮਝਾਉਣਾ ਚਾਹੀਦਾ ਹੈ। ਜੇ ਅਸੀਂ ਇੱਕੀਵੀਂ ਸਦੀ ਵਿੱਚ ਵੀ ਇਹ ਕੰਮ ਕਰਨ ਜੋਗੇ ਨਹੀਂ ਹੋਏ ਤਾਂ ਇਹ ਸਾਡੀ ਨਾਲਾਇਕੀ ਨਹੀਂ ਤਾਂ ਹੋਰ ਕੀ ਹੈ?

ਭਾਰਤੀ ਮਾਂ ਬਾਪ ਪੜ੍ਹੇ ਲਿਖੇ ਹੋ ਕੇ ਵੀ ਆਪਣੇ ਬੱਚਿਆਂ ਨੂੰ ਬਲੂੰਗੜਿਆਂ ਵਾਂਗ ਆਪਣੇ ਨਾਲ ਰੱਖਣਾ ਚਾਹੁੰਦੇ ਹਨ। ਆਪਣੇ ਪੰਜਿਆਂ ਵਿੱਚ ਕੈਦ ਰੱਖ ਕੇ ਉਨ੍ਹਾਂ ਨੂੰ ਸਕੂਨ ਅਨੁਭਵ ਹੁੰਦਾ ਹੈ। ਉਹ ਇਹ ਨਹੀਂ ਸਮਝਦੇ ਕਿ ਅਨੁਭਵ ਕਮਾਇਆ ਜਾਂਦਾ ਹੈ, ਥੋਪਿਆ ਨਹੀਂ ਜਾਂਦਾ। ਹਰ ਪੀੜ੍ਹੀ ਦੇ ਆਪਣੇ ਅਨੁਭਵ ਹੁੰਦੇ ਹਨ। ਇਥੇ ਔਰਤਾਂ ਨੂੰ ਆਪਣੇ ਆਪ ਉਤੇ ਕੰਮ ਕਰਨ ਦੀ ਲੋੜ ਹੈ। ਉਨ੍ਹਾਂ ਨੂੰ ਆਪਣੀਆਂ ਸੀਮਤ ਸੋਚਾਂ ਅਤੇ ਈਰਖਾਵਾਂ ਤੋਂ ਆਜ਼ਾਦ ਹੋ ਕੇ ਵਿਚਰਨ ਚਾਹੀਦਾ ਹੈ।

ਭਾਰਤੀ ਸਮਾਜ ਦੀਆਂ ਔਰਤਾਂ ਦੀ ਇਕ ਹੋਰ ਦਿੱਕਤ ਇਹ ਹੈ ਕਿ ਜੇ ਮੁੰਡਾ ਮਾਂ ਨਾਲ ਕੰਮ ਕਰਾਵੇ ਤਾਂ ਸਾਊ ਅਤੇ ਲਾਇਕ ਹੈ, ਪਰ ਜੇ ਉਹੀ ਮੁੰਡਾ ਘਰ ਵਾਲੀ ਦੀ ਮਦਦ ਲਈ ਰਸੋਈ ਵੱਲ ਕਦਮ ਪੁੱਟਦਾ ਹੈ ਤਾਂ ਨਾਲਾਇਕ ਜਾਂ ਜ਼ੋਰੂ ਦਾ ਗੁਲਾਮ ਬਣ ਜਾਂਦਾ ਹੈ। ਕਿਉਂ? ਖਾਣਾ ਬਣਾਵੇ ਔਰਤ ਅਤੇ ਪਹਿਲਾਂ ਖਾਣ ਦਾ ਹੱਕ ਮਰਦ ਦਾ ਕਿਉਂ ਹੈ? ਮੁੰਡੇ ਵੀ ਆਪਣੇ ਘਰ ਦਿਆਂ ਸਾਹਮਣੇ ਘਰਵਾਲੀ ਨਾਲ ਕੰਮ ਕਰਵਾਉਣ ਤੋਂ ਝਿਜਕਦੇ ਹਨ। ਇਹ ਪਤੀ-ਪਤਨੀ ਦੀ ਆਪਸੀ ਸਮਝਦਾਰੀ ਨਾਲ ਹੀ ਕਿਸੇ ਰਿਸ਼ਤੇ ਨੂੰ ਚਲਾਉਣਾ ਜਾਂ ਨਿਭਾਉਣਾ ਸੰਭਵ ਹੈ। ਇਸ ਲਈ ਮੁੰਡਿਆਂ ਨੂੰ ਵੀ ਬਿਨਾਂ ਕਿਸੇ ਸੰਕੋਚ ਦੇ ਘਰ ਦੇ ਕੰਮਾਂ ਵਿੱਚ ਹੱਥ ਵਟਾਉਣਾ ਚਾਹੀਦਾ ਹੈ।

ਅਜਿਹਾ ਇਸ ਲਈ ਵੀ ਜ਼ਰੂਰੀ ਹੈ ਕਿ ਸਮਾਜ, ਮਰਦ ਤੇ ਔਰਤਾਂ ਨੇ ਵੀ ਆਪਣੇ ਆਪ ਨੂੰ ਨਵੇਂ ਰੂਪ ਵਿੱਚ ਦੇਖਣਾ ਸਿੱਖਣਾ ਹੈ। ਇਨ੍ਹਾਂ ਨੂੰ ਰਵਾਇਤੀ ਔਰਤ ਨਾਲ ਵਿਚਰਨ ਦੀ ਆਦਤ ਹੈ। ਬਦਲ ਰਹੇ ਸਮੇਂ ਨਾਲ ਬਦਲ ਰਹੀਆਂ ਔਰਤਾਂ ਤੇ ਉਨ੍ਹਾਂ ਦੀ ਜੀਵਨ ਜਾਚ ਨੂੰ ਅਸੀਂ ਹੀ ਸਮੇਂ ਦੇ ਹਾਣ ਦੀ ਬਣਾਉਣਾ ਹੈ। ਇਹ ਤਦੇ ਸੰਭਵ ਹੈ, ਜੇ ਔਰਤਾਂ ਮਰਦਾਂ ਨੂੰ ਆਪਣੇ ਨਾਲ ਕੰਮ ਕਰਨਾ ਸਿਖਾਉਣਗੀਆਂ। ਇਹ ਕੰਮ ਉਹ ਔਰਤਾਂ ਨਹੀਂ ਕਰ ਸਕਦੀਆਂ, ਜਿਹੜੀਆਂ ਪਤੀ ਨੂੰ ਪਰਮੇਸ਼ਵਰ ਬਣਾ ਕੇ ਆਪਣੇ ਤੋਂ ਇਕ ਦੂਰੀ ਉਤੇ ਖੜਾ ਕਰ ਦਿੰਦੀਆਂ ਹਨ ਤੇ ਫਿਰ ਉਸ ਪਰਮੇਸ਼ਵਰ ਤੋਂ ਲੱਤਾਂ ਖਾਂਦੀਆਂ ਹੋਈਆਂ ਉਸ ਨੂੰ ਪੂਜੀ ਜਾਂਦੀਆਂ ਹਨ। ਪਤੀ-ਪਤਨੀ ਦਾ ਰਿਸ਼ਤਾ ਜੀਵ ਤੇ ਆਤਮਾ ਵਾਲਾ ਨਹੀਂ, ਹਮਰਾਹੀਆਂ ਵਾਲਾ ਹੁੰਦਾ ਹੈ, ਜਿਸ ਵਿੱਚ ਦੋਵਾਂ ਨੂੰ ਬਰਾਬਰ ਜ਼ਿੰਮੇਵਾਰੀਆਂ ਨਿਭਾਉਣੀਆਂ ਚਾਹੀਦੀਆਂ ਹਨ।

ਇਥੇ ਕੁੜੀਆਂ ਨੂੰ ਵੀ ਸਮਝਣਾ ਚਾਹੀਦਾ ਹੈ ਕਿ ਜਿਥੇ ਉਨ੍ਹਾਂ ਉਤੇ ਬਦਲਣ ਦਾ ਦਬਾਅ ਹੁੰਦਾ ਹੈ, ਉਥੇ ਪਰਵਾਰ ਦੇ ਹੋਰ ਜੀਅ ਵੀ ਖੁਦ ਨੂੰ ਨਵੇਂ ਰਿਸ਼ਤਿਆਂ ਵਿੱਚ ਢਾਲਦੇ ਹਨ। ਦੋਵਾਂ ਧਿਰਾਂ ਨੂੰ ਨਵੇਂ ਰਿਸ਼ਤਿਆਂ ਨੂੰ ਆਕਾਰ ਲੈਣ ਵਿੱਚ ਥੋੜ੍ਹਾ ਸਮਾਂ ਚਾਹੀਦਾ ਹੈ। ਹਰ ਰਿਸ਼ਤੇ ਦੀ ਆਪਣੀ ਖੂਬਸੂਰਤੀ ਹੈ। ਮਾਂ-ਬਾਪ, ਪਤੀ-ਪਤਨੀ ਜਾਂ ਦੋਸਤੀ ਵਰਗੇ ਰਿਸ਼ਤੇ ਸਾਰਿਆਂ ਦੀ ਜ਼ਿੰਦਗੀ ਵਿੱਚ ਹੁੰਦੇ ਹਨ, ਇਸ ਦੇ ਬਾਵਜੂਦ ਹਰ ਬੰਦੇ ਦਾ ਇਨ੍ਹਾਂ ਰਿਸ਼ਤਿਆਂ ਨਾਲ ਰਿਸ਼ਤਾ ਵੱਖਰਾ ਹੁੰਦਾ ਹੈ। ਕਿਸੇ ਵੀ ਤਰ੍ਹਾਂ ਦਾ ਬੋਝ ਰਿਸ਼ਤਿਆਂ ਨੂੰ ਤੋੜ ਸਕਦਾ ਹੈ। ਇਸ ਲਈ ਸਭ ਤੋਂ ਪਹਿਲਾਂ ਇਹ ਬਹੁਤ ਜ਼ਰੂਰੀ ਹੈ ਕਿ ਅਸੀਂ ਰਿਸ਼ਤਿਆਂ ਉਤੇ ਫਾਲਤੂ ਬੋਝ ਨਾ ਲੱਦੀਏ।


SIKH SPORTS CLUB
UNITED SPORTS CLUB

BOYS & GIRLS SOCCER CLUB

YOUTH AGES 2015 - 2002

5 PRACTICE AREAS – WEEKEND GAMES @ DIXIE & 407

BRAMPTON – CHERRYTREE & RAYLAWSON
BRAMPTON NORTH – BOVAIRD & CHINGUACOUSY RD
GORE – CASTLEMORE & GORE RD
MALTON – AIRPORT & MORNINGSTAR
SPRINGDALE – SANDALWOOD & TORBRAM

REGISTRATION $180

AFTER JUNE 1st REGISTRATION $200

INCLUDED IN REGISTRATION
- ✓ Uniforms
- ✓ Soccer Ball
- ✓ Family Picnic
- ✓ Trophy
- ✓ Games All Summer
- ✓ Training All Summer



FORMS AVAILABLE HERE

GURDWARA SAHIB – in person Sun 12-2PM

| | | |
|---|---|---|
| Sri Guru Singh Sabha | Malton | 905 671 1662 |
| Sikh Spiritual Centre | Rexdale | 416 746 6666 |
| Sri Guru Nanak Sikh Centre (Gildden) | Brampton | 905 457 5757 |
| Sikh Sangat (Van Kirk) | Brampton | 905 495 1200 |
| Nanaksar Sahib | Brampton | |

RETAILERS

| | | |
|---|---|---|
| Singh Foods | Brampton | 905 796 2995 |
| Movie Time | Gore | 905 913 1113 |
| New City Pizza | Bramlea & Country Side | 905 792 2700 |
| Gore Meat Shop | Brampton | 905 913 0689 |
| Khalsa Travel and Tours | Springdale | 905 799 8800 |
| Doaba Sweets& Restaurant 305 Charolais Blvd | | 905 450 1455 |
| 9705 James Potter Rd | | 905 216 7951 |
| Asian Food Centre Chinguacousy/Williams PKWY | | Sun 12-2PM |

VOLUNTEER TO COACH A TEAM. YOUR CHILD PLAYS FREE!

LOOKING FOR VOLUNTEER HOURS? GET THEM FROM US!

REGISTER ONLINE
www.SIKHSPORTSCLUB.com
www.UNITEDSPORTSCLUB.ca

416 744 2999

Follow us on twitter @Sikh_SportsClub or facebook.com/SikhSportsC

Please note: no refunds after uniforms are given






House for sale in Castlemore

ਬਰੈਂਪਟਨ ਦੇ ਕੈਸਲਮੋਅਰ ਏਰੀਆ ਵਿਚ 3000sqft ਦਾ ਅਪਗ੍ਰੇਡ ਕੀਤਾ ਗਿਆ ਘਰ। ਇਸ ਵਿੱਚ 5+2 ਬੈੱਡਰੂਮ ਅਤੇ 6 ਬਾਥਰੂਮ ਹਨ। Seperate Entry ਨਾਲ ਬੇਸਮੈਂਟ ਪੂਰੀ ਤਰ੍ਹਾਂ ਤਿਆਰ ਹੈ। ਸਾਰੇ ਘਰ ਵਿਚ ਹਾਰਡਵੁੱਡ ਪਈ ਹੈ। Front ਤੇ ਨਵੀਂ ਸਟੋਨ ਅਤੇ Stucco ਕੀਤੀ ਗਈ ਹੈ। ਨਵੀਆਂ ਗੈਰਾਜ ਡੋਰਾਂ। ਵੱਡੀ ਕਿਚਨ। ਬੈਕ ਤੇ ਵੱਡਾ ਡੈੱਕ ਅਤੇ Patio. ਸਾਰੇ ਘਰ ਦੇ ਦੁਆਲੇ ਸਟੈਂਪ ਕੰਕਰੀਟ ਹੈ। 4 ਕਾਰ ਦਾ Driveway ਬਿਨਾਂ ਸਾਈਡ ਵਾਕ ਤੋਂ। ਬੇਸਮੈਂਟ ਵਿੱਚ ਅਲੱਗ 2 ਹਿੱਸੇ ਬਣੇ ਹੋਏ ਹਨ। ਸਾਰੇ ਗ੍ਰੇਡ ਦੇ ਸਕੂਲਾਂ ਦੇ ਨੇੜੇ। Hwy 50 & Cottrelle Intersection. 45x92 ਫੁੱਟ ਦਾ ਪਲਾਟ। ਸਿਰਫ 6 ਸਾਲ ਨਵੇਂ ਘਰ ਨੂੰ ਦੇਖਣ ਲਈ ਅੱਜ ਹੀ ਕਾਲ ਕਰੋ।।



Jagraj Sekhon
Sales Representative



Dhanwant Gosal
Broker

Dir: 416-562-1176
www.jagrajsekhon.com

Century 21 People's Choice Realty Inc, Brokerage

Dir: 416-277-4153
www.gosalhomes.com



KARTAR FURNITURE




Email: kartarfurnitue@live.com

ਫਰਨੀਚਰ ਦੀ ਦੁਨੀਆ ਦਾ
ਇੱਕੋ ਇੱਕ ਟਿਕਾਊ ਨਾਮ

ਕਰਤਾਰ ਫਰਨੀਚਰ

- ਅਸੀਂ ਸੋਫਾ ਸੈੱਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Call Rajinder Singh 416.741.9657

69 Westmore Dr. #20
Etobicoke ON, M9V 3Y6



# ਖ਼ਬਰਾਂ ਪੰਜਾਬ ਦੀਆਂ

## ਸੀ ਬੀ ਆਈ ਅਦਾਲਤ ਨੇ 16 ਪੁਲਸੀਆਂ ਉੱਤੇ ਦੋਸ਼ ਤੈਅ ਕੀਤੇ




ਐਸ ਏ ਐਸ ਨਗਰ, 25 ਅਪ੍ਰੈਲ (ਪੋਸਟ ਬਿਊਰੋ)- ਵਿਸ਼ੇਸ਼ ਜੱਜ ਐਨ ਐਸ ਗਿੱਲ ਦੀ ਸੀ ਬੀ ਆਈ ਅਦਾਲਤ ਨੇ ਸਾਲ 1993 ਦੇ ਫਰਜ਼ੀ ਮੁਕਾਬਲੇ ਦੇ ਕੇਸ ਵਿੱਚ ਪੰਜਾਬ ਪੁਲਸ ਦੇ 16 ਮੁਲਾਜ਼ਮਾਂ ਖਿਲਾਫ ਦੋਸ਼ ਤੈਅ ਕੀਤੇ ਹਨ।

ਵਰਨਣ ਯੋਗ ਹੈ ਕਿ ਸਾਲ 1993 ਵਿੱਚ ਤਰਨ ਤਾਰਨ ਦੇ 17 ਸਾਲਾ ਗੁਰਪ੍ਰਤਾਪ ਸਿੰਘ ਨੂੰ ਅਗਵਾ ਕਰਨ ਪਿੱਛੋਂ ਉਸ ਨੂੰ ਨਾਜਾਇਜ਼ ਹਿਰਾਸਤ 'ਚ ਰੱਖਣ ਅਤੇ ਬਾਅਦ 'ਚ ਉਸ ਦਾ ਨਾਜਾਇਜ਼ ਪੁਲਸ ਮੁਕਾਬਲਾ ਦਿਖਾਉਣ ਦੇ ਦੋਸ਼ ਵਿੱਚ ਸੀ ਆਈ ਏ ਸਟਾਫ ਤਰਨ ਤਾਰਨ ਅਤੇ ਬਰਨ-ਾਲਾ ਪੁਲਸ 'ਤੇ ਦੋਸ਼ ਲਾਇਆ ਗਿਆ ਹੈ। ਇਸ ਕੇਸ 'ਚ ਸਬੂਤਾਂ ਦੀ ਘਾਟ ਕਾਰਨ ਇਕ ਪੁਲਸ ਅਧਿਕਾਰੀ ਨੂੰ ਉਸੇ ਕੇਸ ਤੋਂ ਰਿਹਾਅ ਕਰਨ ਦੇ ਹੁਕਮ ਦਿੱਤੇ ਗਏ ਹਨ। ਕੇਸ ਵਿੱਚ ਨਾਮਜ਼ਦ ਕੀਤੇ ਪੁਲਸ ਮੁਲਾਜ਼ਮਾਂ ਦੀ ਪਛਾਣ ਇੰਸਪੈਕਟਰ ਸੰਤ ਕੁਮਾਰ, ਸਮਸ਼ੇਰ ਸਿੰਘ, ਗੁਰਨਾਮ ਸਿੰਘ, ਇਕਬਾਲ ਸਿੰਘ, ਗੁਰਸੇਵਕ ਸਿੰਘ, ਅਮਰਜੀਤ ਸਿੰਘ, ਬ੍ਰਹਮ ਦਾਸ, ਸੁਰਜੀਤ ਸਿੰਘ, ਰਾਮ ਸਿੰਘ, ਬਲਦੇਵ ਸਿੰਘ, ਜਗਪਾਲ ਸਿੰਘ, ਨਰਿੰਦਰਪਾਲ, ਸੁਖਦੇਵ ਸਿੰਘ ਅਤੇ ਸਤੀਸ਼ ਕੁਮਾਰ ਵਜੋਂ ਹੋਈ ਹੈ। ਉਕਤ ਪੁਲਸ ਵਾਲਿਆਂ 'ਤੇ ਦੋਸ਼ ਹੈ ਕਿ ਉਨ੍ਹਾਂ ਨੇ ਗੁਰਪ੍ਰਤਾਪ ਸਿੰਘ ਨੂੰ ਪਹਿਲਾਂ ਨਾਜਾਇਜ਼ ਹਿਰਾਸਤ 'ਚ ਰੱਖਿਆ, ਫਿਰ ਉਸ ਦਾ ਫਰਜ਼ੀ ਮੁਕਾਬਲਾ ਦਿਖਾਇਆ ਗਿਆ। ਸੀ ਬੀ ਆਈ ਮੁਤਾਬਕ ਪੁਲਸ ਨੇ ਆਪਣੀ ਹਿਰਾਸਤ ਦੌਰਾਨ ਗੁਰਪ੍ਰਤਾਪ ਸਿੰਘ 'ਤੇ ਚਾਰ ਕੇਸ ਦਰਜ ਕੀਤੇ ਸਨ ਤੇ ਪੁਲਸ ਦਾ ਕਹਿਣਾ ਸੀ ਕਿ 22 ਨਵੰਬਰ 1993 ਨੂੰ ਜਦੋਂ ਗੁਰਪ੍ਰਤਾਪ ਸਿੰਘ ਨੇ ਪੁਲਸ ਹਿਰਾਸਤ 'ਚੋਂ ਭੱਜਣ ਦੀ ਕੋਸ਼ਿਸ਼ ਕੀਤੀ ਤਾਂ ਮੁਕਾਬਲੇ ਵਿੱਚ ਮਾਰ ਦਿੱਤਾ ਗਿਆ ਸੀ। ਸੀ ਬੀ ਆਈ ਦਾ ਕਹਿਣਾ ਸੀ ਕਿ ਇਸ ਮੁਕਾਬਲੇ 'ਚ ਕਿਸੇ ਪੁਲਸ ਕਰਮਚਾਰੀ ਨੂੰ ਨਾ ਗੋਲੀ ਲੱਗੀ ਤੇ ਨਾ ਕੋਈ ਜ਼ਖਮੀ ਹੋਇਆ। ਉਕਤ ਕੇਸ ਪੰਜਾਬ ਹਰਿਆਣਾ ਹਾਈ ਕੋਰਟ 'ਚ ਗਿਆ ਸੀ ਅਤੇ ਹਾਈ ਕੋਰਟ ਵੱਲੋਂ ਇਸ ਮਾਮਲੇ ਦੀ ਜਾਂਚ ਸੀ ਬੀ ਆਈ ਨੂੰ ਸੌਂਪੀ ਗਈ ਸੀ।

## ਬੈਂਕ ਲੁੱਟਣ ਵਾਲੇ ਦੋਸ਼ੀ 9 ਲੱਖ ਰੁਪਏ ਸਮੇਤ ਕਾਬੂ

ਮੋਗਾ, 25 ਅਪ੍ਰੈਲ (ਪੋਸਟ ਬਿਊਰੋ)- ਇਸ ਜ਼ਿਲੇ ਦੀ ਪੁਲਸ ਨੂੰ ਉਸ ਮੌਕੇ ਵੱਡੀ ਸਫਲਤਾ ਮਿਲੀ, ਜਦੋਂ ਜ਼ਿਲਾ ਪ੍ਰਬੰਧਕੀ ਕੰਪਲੈਕਸ ਵਿਚਲੇ ਬੈਂਕ ਆਫ ਇੰਡੀਆ ਵਿੱਚੋਂ 17 ਲੱਖ 65 ਹਜ਼ਾਰ ਰੁਪਏ ਦੀ ਨਕਦੀ ਤੇ 18 ਪੈਕਟ ਸੋਨਾ ਚੋਰੀ ਕਰਨ ਵਾਲੇ ਚੋਰਾਂ ਨੂੰ ਕਾਬੂ ਕਰਨ ਲਈ ਪੁਲਸ ਵੱਲੋਂ ਬਣਾਈ ਸਪੈਸ਼ਲ ਟੀਮ ਨੇ ਨਾਕਾਬੰਦੀ ਕਰਕੇ ਤਿੰਨ ਵਿਅਕਤੀਆਂ ਨੂੰ ਕਾਬੂ ਕਰਕੇ ਉਨ੍ਹਾਂ ਪਾਸੋਂ ਚੋਰੀ ਦੇ 9 ਲੱਖ ਰੁਪਏ ਅਤੇ 14 ਪੈਕਟ ਸੋਨਾ ਬਰਾਮਦ ਕਰ ਲਿਆ।


*ਮੋਗਾ ਪੁਲਸ ਵਲੋਂ ਗ੍ਰਿਫਤਾਰ ਕੀਤੇ ਗਏ ਮੁਲਜਿਮ ਜਬਤ ਕੀਤੇ ਗਏ ਸਮਾਨ ਨਾਲ।*

ਜ਼ਿਲਾ ਪੁਲਸ ਮੁਖੀ ਅਮਰਜੀਤ ਸਿੰਘ ਬਾਜਵਾ ਨੇ ਪ੍ਰੈਸ ਕਾਨਫਰੰਸ ਵਿੱਚ ਦੱਸਿਆ ਕਿ ਜ਼ਿਲਾ ਪ੍ਰਬੰਧਕੀ ਕੰਪਲੈਕਸ ਵਿਚਲੇ ਬੈਂਕ ਆਫ ਇੰਡੀਆ ਦੀ ਬਰਾਂਚ ਤੋਂ ਸ਼ਨੀਵਾਰ ਤੇ ਐਤਵਾਰ ਵਿਚਾਲੇ ਚੋਰ ਬੈਂਕ ਦੇ ਤਾਲੇ ਖੋਲ੍ਹ ਕੇ 17 ਲੱਖ 65 ਹਜ਼ਾਰ 30 ਰੁਪਏ, 18 ਪੈਕਟ ਸੋਨੇ ਦੇ ਅਤੇ ਬੈਂਕ ਵਿੱਚ ਲੱਗੇ ਡੀ ਵੀ ਆਰ ਅਤੇ ਸੀ ਸੀ ਟੀ ਵੀ ਕੈਮਰੇ ਲੈ ਗਏ ਸਨ। ਇਸ ਬਾਰੇ ਅਣਪਛਾਤੇ ਲੋਕਾਂ 'ਤੇ ਕੇਸ ਦਰਜ ਕਰਨ ਪਿੱਛੋਂ ਇਸ ਦੀ ਤਫਤੀਸ਼ ਸਬੰਧੀ ਇਕ ਸਪੈਸ਼ਲ ਟੀਮ ਬਣਾਈ ਗਈ ਜਿਸ ਵਿੱਚ ਐਸ ਪੀ (ਡੀ) ਹਰਿੰਦਰਪਾਲ ਸਿੰਘ ਪਰਮਾਰ, ਡੀ ਐਸ ਪੀ (ਸਿਟੀ) ਪਰਮਜੀਤ ਸਿੰਘ, ਇੰਚਾਰਜ ਸੀ ਆਈ ਏ ਇੰਸਪੈਕਟਰ ਤਰਲੋਚਨ ਸਿੰਘ ਅਤੇ ਉਨ੍ਹਾਂ ਦੀ ਟੀਮ ਨੇ ਜਾਂਚ ਦੌਰਾਨ ਮਨਪ੍ਰੀਤ ਸਿੰਘ, ਸਤਨਾਮ ਸਿੰਘ ਉਰਫ ਨਿੱਕਾ, ਜਰਨੈਲ ਸਿੰਘ ਉਰਫ ਜੈਲਾ ਵਾਸੀ ਕੋਟਕਪੂਰਾ ਬਾਈਪਾਸ ਮੋਗਾ ਨੂੰ ਨਾਮਜ਼ਦ ਕਰ ਲਿਆ। ਐਸ ਐਸ ਪੀ ਨੇ ਦੱਸਿਆ ਕਿ ਕੱਲ੍ਹ ਇੱਕ ਗੁਪਤ ਸੂਚਨਾ ਉੱਤੇ ਇਨ੍ਹਾਂ ਵਿਅਕਤੀਆਂ ਨੂੰ ਨਾਕਾਬੰਦੀ ਦੌਰਾਨ ਪੁਲਸ ਪਾਰਟੀ ਵੱਲੋਂ ਮੋਟਰ ਸਾਈਕਲ ਉਤੇ ਕੋਟਕਪੂਰਾ ਚੌਕ ਵਿੱਚ ਗ੍ਰਿਫਤਾਰ ਕਰਕੇ ਉਨ੍ਹਾਂ ਪਾਸੋਂ ਪੁੱਛਗਿੱਛ ਕੀਤੀ। ਗ੍ਰਿਫਤਾਰ ਕੀਤੇ ਮਨਪ੍ਰੀਤ ਸਿੰਘ ਦੀ ਨਿਸ਼ਾਨਦੇਹੀ 'ਤੇ ਉਸ ਦੇ ਘਰੋਂ ਬੈਂਕ ਵਿੱਚੋਂ ਚੋਰੀ ਕੀਤੇ ਤਿੰਨ ਲੱਖ ਰੁਪਏ ਨਕਦੀ ਅਤੇ 14 ਪੈਕਟ ਗੋਲਡ ਸੋਨਾ ਅਤੇ ਚੋਰੀ ਕਰਨ ਸਮੇਂ ਵਰਤੀਆਂ ਹੋਈਆਂ ਤਿੰਨ ਚਾਬੀਆਂ ਮਿਲ ਗਈਆਂ। ਜਰਨੈਲ ਸਿੰਘ ਉਰਫ ਜੈਲਾ ਘਰੋਂ ਤਿੰਨ ਲੱਖ ਰੁਪਏ ਅਤੇ ਟੁੱਟਿਆ ਹੋਇਆ ਡੀ ਵੀ ਆਰ ਬਰਾਮਦ ਹੋਇਆ ਅਤੇ ਤੀਜੇ ਆਦਮੀ ਸਤਪਾਲ ਸਿੰਘ ਉਰਫ ਨਿੱਕਾ ਦੇ ਘਰੋਂ ਤਿੰਨ ਲੱਖ ਰੁਪਏ ਦੀ ਨਕਦੀ, ਬੈਂਕ ਦੇ ਟੁੱਟੇ ਹੋਏ ਤਿੰਨੇ ਕੈਮਰੇ, ਇਕ ਹਥੌੜਾ, ਇਕ ਰਾਡ ਬਰਾਮਦ ਕੀਤੀ ਗਈ।

## ਬੈਂਸ ਨੇ ਐਡੀਸ਼ਨਲ ਡਾਇਰੈਕਟਰ ਫੈਕਟਰੀਜ਼ ਨੂੰ ਰਿਸ਼ਵਤ ਲੈਂਦਿਆਂ ਫੜਿਆ

ਲੁਧਿਆਣਾ, 25 ਅਪ੍ਰੈਲ (ਪੋਸਟ ਬਿਊਰੋ)- ਲੋਕ ਇਨਸਾਫ ਪਾਰਟੀ ਦੇ ਪ੍ਰਧਾਨ ਸਿਮਰਜੀਤ ਸਿੰਘ ਬੈਂਸ ਕਾਫੀ ਸਮੇਂ ਤੋਂ ਲੋਕ ਹਿੱਤਾਂ ਲਈ ਸਟਿੰਗ ਆਪਰੇਸ਼ਨ ਨਾਲ ਬੇਈਮਾਨ ਅਫਸਰਾਂ ਦੀ ਪੋਲ ਖੋਲ੍ਹਦੇ ਆਏ ਹਨ। ਕੱਲ੍ਹ ਉਨ੍ਹਾਂ ਨੇ ਐਡੀਸ਼ਨਲ ਡਾਇਰੈਕਟਰ ਆਫ ਫੈਕਟਰੀਜ਼ ਐੱਮ ਪੀ ਬੇਰੀ ਨੂੰ ਰਿਸ਼ਵਤ ਲੈਂਦੇ ਹੋਏ ਘੇਰ ਲਿਆ ਹੈ।

ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਵਿੱਚ ਵਿਧਾਇਕ ਬੈਂਸ ਨੇ ਕਿਹਾ ਕਿ ਇੰਡਸਟਰੀ ਲਾਉਣ ਤੋਂ ਪਹਿਲਾਂ ਇਸ ਦਾ ਨਕਸ਼ਾ ਪਾਸ ਕਰਾਉਣਾ ਜ਼ਰੂਰੀ ਹੈ ਤੇ ਇਹ ਨਕਸ਼ਾ ਐਡੀਸ਼ਨਲ ਡਾਇਰੈਕਟਰ ਫੈਕਟਰੀਜ਼ ਐਮ ਪੀ ਬੇਰੀ ਪਾਸ ਕਰਦਾ ਹੈ। ਉਸ ਤੋਂ ਬਾਅਦ ਫੈਕਟਰੀ ਮਾਲਕ ਪ੍ਰਦੂਸ਼ਣ ਬੋਰਡ ਤੇ ਬਿਜਲੀ ਦੇ ਕੁਨੈਕਸ਼ਨ ਲਵਾ ਸਕਦਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਇੱਕ ਦੋਸਤ ਗੁਰਮੀਤਪਾਲ ਨੇ ਫੈਕਟਰੀ ਦਾ ਨਕਸ਼ਾ ਪਾਸ ਕਰਵਾਉਣ ਲਈ ਐਮ ਪੀ ਬੇਰੀ ਨਾਲ ਸੰਪਰਕ ਕੀਤਾ। ਬੇਰੀ ਨੇ ਉਸ ਕੰਮ ਬਦਲੇ 25000 ਰਿਸ਼ਵਤ ਮੰਗੀ। ਗੁਰਮੀਤਪਾਲ ਨੂੰ ਬੇਰੀ ਦਾ ਫੋਨ ਆਇਆ ਕਿ ਉਸ ਦਾ ਕੰਮ ਤਿਆਰ ਹੈ, ਉਹ ਮੰਗੀ ਗਈ ਰਕਮ ਦੇ ਕੇ ਆਪਣਾ ਕੰਮ ਕਰਵਾ ਲਵੇ, ਪਰ ਜਦੋਂ ਗੁਰਮੀਤਪਾਲ ਨੇ ਐੱਮ ਪੀ ਬੇਰੀ ਨੂੰ 25000 ਰੁਪਏ ਦਿੱਤੇ ਤਾਂ ਉਨ੍ਹਾਂ ਨੇ ਉਥੇ ਜਾ ਕੇ ਉਸ ਦੀ ਜੇਬ ਵਿੱਚੋਂ 25000 ਰੁਪਏ ਬਰਾਮਦ ਕਰ ਲਏ। ਬੈਂਸ ਨੇ ਕਿਹਾ ਕਿ ਜਦੋਂ ਉਨ੍ਹਾਂ ਪਤਾ ਕੀਤਾ ਤਾਂ ਦੱਸਿਆ ਗਿਆ ਕਿ ਐਮ ਪੀ ਬੇਰੀ ਦੀ ਤਨਖਾਹ ਹਰ ਮਹੀਨੇ 1,50,000 ਰੁਪਏ ਹੈ ਤੇ 31 ਮਾਰਚ 2019 ਨੂੰ ਉਹ ਆਪਣੇ ਅਹੁਦੇ ਤੋਂ ਰਿਟਾਇਰ ਹੋ ਚੁੱਕਾ ਹੈ। ਸਰਕਾਰ ਵੱਲੋਂ ਉਸ ਨੂੰ ਇੱਕ ਸਾਲ ਦੀ ਮਿਆਦ ਵਧਾ ਦਿੱਤੀ ਗਈ ਹੈ, ਜਿਸ ਦਾ ਨਾਜਾਇਜ਼ ਲਾਭ ਉਠਾ ਕੇ ਵਪਾਰੀਆਂ ਨੂੰ ਬਲੈਕਮੇਲ ਕਰ ਰਿਹਾ ਹੈ।

## ਸਿਆਸਤ ਦੇ ਪੁਰਾਣੇ ਖਿਡਾਰੀ ਘੁਬਾਇਆ ਨੇ ਖੇਡ ਮੰਤਰੀ ਨੂੰ ਮਨਾ ਲਿਆ!



ਫਿਰੋਜ਼ਪੁਰ, 25 ਅਪ੍ਰੈਲ (ਪੋਸਟ ਬਿਊਰੋ)- ਲੋਕ ਸਭਾ ਹਲਕਾ ਫਿਰੋਜ਼ਪੁਰ ਤੋਂ ਮੌਜੂਦਾ ਪਾਰਲੀਮੈਂਟ ਮੈਂਬਰ ਸ਼ੇਰ ਸਿੰਘ ਘੁਬਾਇਆ ਨੂੰ ਟਿਕਟ ਦੇਣ ਤੋਂ ਨਾਰਾਜ਼ ਪੰਜਾਬ ਦੇ ਕੈਬਨਿਟ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ ਨੂੰ ਮਨਾਉਣ ਲਈ ਕੱਲ੍ਹ ਘੁਬਾਇਆ ਖੁਦ ਹੀ ਏਥੇ ਰਾਣਾ ਗੁਰਮੀਤ ਸਿੰਘ ਸੋਢੀ ਦੇ ਘਰ ਪਹੁੰਚੇ। ਇਸ ਮੌਕੇ ਉਨ੍ਹਾਂ ਰਾਣਾ ਸੋਢੀ ਨੂੰ ਨਾਲ ਚੱਲਣ ਦੀ ਅਪੀਲ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਸਹਿਯੋਗ ਨਾਲ ਉਹ ਇਸ ਸੀਟ ਤੋਂ ਜਿੱਤ ਕੇ ਪਾਰਟੀ ਦੇ ਪ੍ਰਧਾਨ ਰਾਹੁਲ ਗਾਂਧੀ ਦੀ ਝੋਲੀ ਪਾਉਣਗੇ। ਫਿਰੋਜ਼ਪੁਰ ਲੋਕ ਸਭਾ ਸੀਟ ਤੋਂ ਕਾਂਗਰਸ ਵੱਲੋਂ ਸ਼ੇਰ ਸਿੰਘ ਘੁਬਾਇਆ ਨੂੰ ਉਮੀਦਵਾਰ ਐਲਾਨਣ ਪਿੱਛੋਂ ਇਸ ਟਿਕਟ ਦੇ ਚਾਹਵਾਨ ਰਾਣਾ ਸੋਢੀ ਸਮੇਤ ਲਗਭਗ ਸਾਰੇ ਹੀ ਟਕਸਾਲੀ ਕਾਂਗਰਸੀ ਨਾਰਾਜ਼ ਸਨ।

ਇਸ ਬਾਰੇ ਰਾਣਾ ਗੁਰਮੀਤ ਸਿੰਘ ਸੋਢੀ ਨੇ ਬੀਤੀ 22 ਅਪ੍ਰੈਲ ਨੂੰ ਆਪਣੇ ਘਰ ਗੁਰੂ ਹਰਸਹਾਏ ਵਿਖੇ ਹਲਕੇ ਦੇ ਵੋਟਰਾਂ ਦਾ ਇਕੱਠ ਕਰਕੇ ਨਾਰਾਜ਼ਗੀ ਜ਼ਾਹਰ ਕੀਤੀ ਸੀ। ਉਨ੍ਹਾਂ ਨੇ ਸਪਸ਼ਟ ਕਿਹਾ ਕਿ ਜਦੋਂ ਤੱਕ ਸ਼ੇਰ ਸਿੰਘ ਘੁਬਾਇਆ ਵੋਟਰਾਂ ਨੂੰ ਵਿਸ਼ਵਾਸ ਵਿੱਚ ਨਹੀਂ ਲੈਂਦੇ, ਉਦੋਂ ਤੱਕ ਉਹ ਘੁਬਾਇਆ ਦੇ ਵਾਸਤੇ ਪ੍ਰਚਾਰ ਨਹੀਂ ਕਰਨਗੇ। ਟੀ ਵੀ ਚੈਨਲਾਂ, ਅਖਬਾਰਾਂ ਅਤੇ ਸੋਸ਼ਲ ਮੀਡੀਆ ਉੱਤੇ ਇਸ ਦੀ ਚਰਚਾ ਹੋਣ ਉਤੇ ਇਸ ਦੀ ਪਹਿਲ ਕਰਦਿਆਂ ਸ਼ੇਰ ਸਿੰਘ ਘੁਬਾਇਆ ਕੱਲ੍ਹ ਫਿਰੋਜ਼ਪੁਰ ਵਿਖੇ ਕੈਬਨਿਟ ਮੰਤਰੀ ਰਾਣਾ ਸੋਢੀ ਅਤੇ ਹਲਕਾ ਦਿਹਾਤੀ ਫਿਰੋਜ਼ਪੁਰ ਦੀ ਵਿਧਾਇਕਾ ਸਤਿਕਾਰ ਕੌਰ ਦੇ ਘਰ ਪਹੁੰਚੇ ਅਤੇ ਮਦਦ ਕਰਨ ਦੀ ਅਪੀਲ ਕੀਤੀ। ਇਸ ਮੌਕੇ ਘੁਬਾਇਆ ਨੇ ਪੱਤਰਕਾਰਾਂ ਨਾਲ ਗੱਲਬਾਤ ਵਿੱਚ ਦਾਅਵਾ ਕੀਤਾ ਕਿ ਉਨ੍ਹਾਂ ਰਾਣਾ ਸੋਢੀ ਨਾਲ ਗਿਲੇ ਸ਼ਿਕਵੇ ਦੂਰ ਕਰ ਕੇ ਪਾਰਟੀ ਨੂੰ ਮਜ਼ਬੂਤ ਕਰਨ ਲਈ ਵਿਚਾਰ ਕੀਤੀ ਹੈ। ਇਸ ਮੌਕੇ ਕੈਬਨਿਟ ਮੰਤਰੀ ਰਾਣਾ ਗੁਰਮੀਤ ਸੋਢੀ ਨੇ ਕਿਹਾ ਕਿ ਉਨ੍ਹਾਂ ਦਾ ਮੁੱਖ ਮਕਸਦ ਕੇਂਦਰ ਵਿੱਚੋਂ ਭਾਜਪਾ ਦੀ ਸਰਕਾਰ ਨੂੰ ਲਾਂਭੇ ਕਰਨਾ ਹੈ ਅਤੇ ਆਲ ਇੰਡੀਆ ਕਾਂਗਰਸ ਪਾਰਟੀ ਦੇ ਰਾਹੁਲ ਗਾਂਧੀ ਨੂੰ ਪ੍ਰਧਾਨ ਮੰਤਰੀ ਬਣਾਉਣਾ ਹੈ।

## ਜਥੇਦਾਰ ਨੇ ਨਿਸ਼ਾਨ ਸਿੰਘ ਵਿਰੁੱਧ ਪਰਚਾ ਦਰਜ ਕਰਾਉਣ ਲਈ ਸ਼੍ਰੋਮਣੀ ਕਮੇਟੀ ਨੂੰ ਕਿਹਾ



ਅੰਮ੍ਰਿਤਸਰ, 25 ਅਪ੍ਰੈਲ (ਪੋਸਟ ਬਿਊਰੋ)- ਜਥੇਦਾਰ ਸ੍ਰੀ ਅਕਾਲ ਤਖਤ ਗਿਆਨੀ ਹਰਪ੍ਰੀਤ ਸਿੰਘ ਨੇ ਹਰਿਆਣਾ ਦੇ ਜਨ ਨਾਇਕ ਜਨਤਾ ਪਾਰਟੀ ਦੇ ਸੂਬਾ ਪ੍ਰਧਾਨ ਅਤੇ ਵਿਧਾਇਕ ਨਿਸ਼ਾਨ ਸਿੰਘ 'ਤੇ ਸਿੱਖ ਭਾਵਨਾਵਾਂ ਨੂੰ ਭੜਕਾਉਣ ਲਈ ਧਾਰਾ 295 ਏ ਦਾ ਕੇਸ ਦਰਜ ਕਰਾਉਣ ਲਈ ਹੁਕਮ ਦਿੱਤਾ ਹੈ ਤਾਂ ਜੋ ਫਿਰ ਕੋਈ ਵਿਅਕਤੀ ਇਹ ਗਲਤੀ ਨਾ ਕਰੇ।

ਇਸ ਬਾਰੇ ਜਥੇਦਾਰ ਅਕਾਲ ਤਖਤ ਦੇ ਨਿੱਜੀ ਸਹਾਇਕ ਜਸਪਾਲ ਸਿੰਘ ਨੇ ਦੱਸਿਆ ਕਿ ਨਿਸ਼ਾਨ ਸਿੰਘ ਨੇ ਟੋਹਾਣਾ ਜ਼ਿਲ੍ਹਾ ਫਤਿਆਬਾਦ ਹਰਿਆਣਾ ਵਿਖੇ ਗੁਰੂ ਗੋਬਿੰਦ ਸਿੰਘ ਜੀ ਦੀ ਤੁਲਨਾ ਬਲਾਤਕਾਰੀ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਨਾਲ ਕੀਤੀ ਹੈ, ਜਿਸ ਨਾਲ ਦੇਸ਼-ਵਿਦੇਸ਼ਾਂ ਵਿੱਚ ਬੈਠੇ ਸਿੱਖਾਂ ਦੇ ਮਨਾਂ ਨੂੰ ਠੇਸ ਪੁੱਜੀ ਹੈ। ਜਥੇਦਾਰ ਅਕਾਲ ਤਖਤ ਨੇ ਸਖਤ ਤਾੜਨਾ ਕਰਦੇ ਹੋਏ ਕਿਹਾ ਕਿ ਚੋਣ ਰੈਲੀਆਂ ਵਿੱਚ ਧਰਮ ਬਾਰੇ ਬੋਲਣ ਲੱਗਿਆਂ ਸੰਕੋਚ ਕੀਤਾ ਜਾਵੇ ਤਾਂ ਕਿ ਗਲਤ ਬੋਲਣ ਨਾਲ ਕਿਸੇ ਦੀ ਧਾਰਮਿਕ ਭਾਵਨਾ ਨੂੰ ਠੇਸ ਨਾ ਪੁੱਜੇ। ਉਨ੍ਹਾਂ ਕਿਹਾ ਕਿ ਗੁਰੂ ਪੰਥ ਵੱਲੋਂ ਅਕਾਲ ਤਖਤ ਸਾਹਿਬ ਤੋਂ ਛੇਕੇ ਗਏ ਵਿਅਕਤੀਆਂ ਨਾਲ ਮਿਲਵਰਤਨ ਰੱਖਣਾ ਅਕਾਲ ਤਖਤ ਦੇ ਹੁਕਮਾਂ ਦੀ ਉਲੰਘਣਾਂ ਹੈ। ਸਿੱਖ ਪੰਥ ਤੋਂ ਛੇਕੇ ਵਿਅਕਤੀ ਭਾਵੇਂ ਕੋਈ ਵੀ ਹੋਵੇ, ਜਿਵੇਂ ਹਰਨੇਕ ਸਿੰਘ ਨੇਕੀ ਨਿਊਜ਼ੀਲੈਂਡ, ਸੁੱਚਾ ਸਿੰਘ ਲੰਗਾਹ ਆਦਿ ਨਾਲ ਮਿਲਵਰਤਣ ਰੱਖਣ ਤੋਂ ਸੰਗਤ ਨੂੰ ਪ੍ਰਹੇਜ਼ ਕਰਨਾ ਚਾਹੀਦਾ ਹੈ ਤਾਂ ਜੋ ਅਕਾਲ ਤਖਤ ਸਾਹਿਬ ਦੀ ਮਾਣ-ਮਰਿਆਦਾ ਕਾਇਮ ਰਹਿ ਸਕੇ।

## ਫੇਸਬੁਕ ਉੱਤੇ ਦੋਸਤੀ, ਫਿਰ ਵਿਆਹ ਪਿੱਛੋਂ ਤਲਾਕ ਕਰਵਾ ਦਿੱਤਾ, ਫਿਰ ਕਤਲ ਕਰ ਕੇ ਫਰਾਰ

ਮੋਗਾ, 25 ਅਪ੍ਰੈਲ (ਪੋਸਟ ਬਿਊਰੋ)- ਜ਼ੀਰਾ ਰੋਡ 'ਤੇ ਆਪਣੇ ਪਤੀ ਨਾਲ ਪੇਕੇ ਘਰ ਰਹਿ ਰਹੀ ਨਵਵਿਆਹੁਤਾ ਦਾ ਕੱਲ੍ਹ ਰਾਤ ਕਤਲ ਕਰ ਕੇ ਉਸ ਦਾ ਪਤੀ ਖਿਸਕ ਗਿਆ ਅਤੇ ਪੁਲਸ ਜਾਂਚ ਕਰ ਰਹੀ ਹੈ।

ਮ੍ਰਿਤਕਾ ਦੀ ਭੂਆ ਮਨਪ੍ਰੀਤ ਕੌਰ ਪਤਨੀ ਬੂਟਾ ਸਿੰਘ ਪਿੰਡ ਸਾਫੂਵਾਲਾ ਦੇ ਮੁਤਾਬਕ ਗੁਰਪ੍ਰੀਤ ਕੌਰ (19) ਪੁੱਤਰੀ ਰਾਜਿੰਦਰ ਸਿੰਘ ਵਾਸੀ ਗੁਰੂ ਅੰਗਦ ਦੇਵ ਨਗਰ ਜ਼ੀਰਾ ਰੋਡ ਮੋਗਾ ਦੀ ਓਮ ਪ੍ਰਕਾਸ਼ ਦੇ ਨਾਲ ਕਰੀਬ ਤਿੰਨ ਸਾਲ ਪਹਿਲਾਂ ਫੇਸਬੁਕ 'ਤੇ ਦੋਸਤੀ ਹੋਈ ਸੀ। ਓਮ ਪ੍ਰਕਾਸ਼ ਆਪਣੇ ਆਪ ਨੂੰ ਐੱਨ ਆਰ ਆਈ ਦੱਸਦਾ ਸੀ ਅਤੇ ਉਹ ਗੁਰਪ੍ਰੀਤ ਕੌਰ ਦੇ ਨਾਲ ਵਿਆਹ ਦਾ ਦਬਾਅ ਪਾਉਂਦਾ ਸੀ। ਉਸ ਨੇ ਦੱਸਿਆ ਕਿ ਲੜਕੀ ਦੇ ਪਰਵਾਰ ਨੇ ਸਤੰਬਰ 2018 ਨੂੰ ਗੁਰਪ੍ਰੀਤ ਕੌਰ ਦਾ ਵਿਆਹ ਜਗਰਾਓਂ ਵਾਸੀ ਰਿੰਪਲ ਸਿੰਘ ਨਾਲ ਕਰ ਦਿੱਤਾ। ਇਸ ਦੇ ਬਾਅਦ ਓਮ ਪ੍ਰਕਾਸ਼ ਨੇ ਗੁਰਪ੍ਰੀਤ ਕੌਰ ਦਾ ਮੋਗਾ ਤੇ ਜਗਰਾਓਂ ਵਿੱਚ ਪਿੱਛਾ ਕੀਤਾ ਅਤੇ ਉਸ ਦੇ ਸਹੁਰੇ ਪਰਵਾਰ ਦੇ ਘਰ ਦੇ ਨੇੜੇ ਪੋਸਟਰ ਲਗਾ ਕੇ ਉਸ ਨੂੰ



ਬਦਨਾਮ ਕਰਨ ਲੱਗਾ। ਇਸ ਕਾਰਨ ਗੁਰਪ੍ਰੀਤ ਕੌਰ ਦਾ ਵਿਆਹ ਤੋਂ ਇੱਕ ਮਹੀਨੇ ਬਾਅਦ ਪਤੀ ਨਾਲ ਤਲਾਕ ਹੋ ਗਿਆ। ਉਸ ਦੇ ਬਾਅਦ ਗੁਰਪ੍ਰੀਤ ਕੌਰ ਪੇਕੇ ਰਹਿਣ ਲੱਗੀ। ਤਿੰਨ ਮਹੀਨੇ ਪਹਿਲਾਂ ਗੁਰਪ੍ਰੀਤ ਕੌਰ ਦਾ ਵਿਆਹ ਉਨ੍ਹਾਂ ਨੇ ਓਮ ਪ੍ਰਕਾਸ਼ ਨਾਲ ਕਰਵਾ ਦਿੱਤਾ। ਵਿਆਹ ਦੇ ਬਾਅਦ ਓਮ ਪ੍ਰਕਾਸ਼ ਆਪਣੇ ਸਹੁਰੇ ਘਰ ਮੋਗਾ ਵਿੱਚ ਗੁਰਪ੍ਰੀਤ ਕੌਰ ਦੇ ਨਾਲ ਰਹਿਣ ਲੱਗਾ।

ਮਨਪ੍ਰੀਤ ਕੌਰ ਨੇ ਦੱਸਿਆ ਕਿ ਓਮ ਪ੍ਰਕਾਸ਼ ਮੰਗਲਵਾਰ ਰਾਤ 10 ਵਜੇ ਦੇ ਕਰੀਬ ਆਪਣੀ ਪਤਨੀ ਲਈ ਜੂਸ ਅਤੇ ਆਈਸਕ੍ਰੀਮ ਲੈ ਕੇ ਆਇਆ, ਜਿਸ ਪਿੱਛੋਂ ਉਹ ਕਮਰੇ ਵਿੱਚ ਸੌਂ ਗਏ। ਉਸ ਨੇ ਦੱਸਿਆ ਕਿ ਸਵੇਰੇ ਛੇ ਵਜੇ ਗੁਰਪ੍ਰੀਤ ਕੌਰ ਦੀ ਮਾਂ ਜਸਵਿੰ-ਦਰ ਕੌਰ ਨੇ ਉਨ੍ਹਾਂ ਦੇ ਕਮਰੇ ਵਿੱਚ ਜਾ ਕੇ ਦੇਖਿਆ ਤਾਂ ਓਮ ਪ੍ਰਕਾਸ਼ ਉਥੇ ਨਹੀਂ ਸੀ। ਉਸ ਨੇ ਗੁਰਪ੍ਰੀਤ ਕੌਰ ਨੂੰ ਆਵਾਜ਼ ਦਿੱਤੀ ਤਾਂ ਉਹ ਨਹੀਂ ਉਠੀ। ਜਦ ਉਸ ਨੇ ਨੇੜੇ ਜਾ ਕੇ ਦੇਖਿਆ ਤਾਂ ਉਸ ਦੀ ਮੌਤ ਹੋ ਚੁੱਕੀ ਸੀ। ਪੁਲਸ ਨੇ ਗੁਰਪ੍ਰੀਤ ਕੌਰ ਦੇ ਭਰਾ ਦਵਿੰਦਰ ਸਿੰਘ ਦੇ ਬਿਆਨ ਲੈਣ ਦੇ ਬਾਅਦ ਦੋਸ਼ੀ ਓਮ ਪ੍ਰਕਾਸ਼ ਪੁੱਤਰ ਰਾਮ ਸਰੂਪ ਪਿੰਡ ਬੀਹਲਾ ਬੰਜੂ ਜ਼ਿਲ੍ਹਾ ਗੁਰਦਾ-ਸਪੁਰ ਦੇ ਖਿਲਾਫ ਥਾਣਾ ਸਿਟੀ ਵਿੱਚ ਮਾਮਲਾ ਦਰਜ ਕਰ ਲਿਆ ਹੈ।ਅ

## ਪੰਜਾਬ ਪੁਲਸ ਦਾ ਖੌਫ ਬਾਕੀ ਸਾਰਿਆਂ ਤੋਂ ਵੱਧ

ਚੰਡੀਗੜ੍ਹ, 25 ਅਪ੍ਰੈਲ (ਪੋਸਟ ਬਿਊਰੋ)- ਪੰਜਾਬ ਪੁਲਸ ਦਾ ਖੌਫ ਭਾਰਤ 'ਚ ਸਭ ਤੋਂ ਵੱਧ ਹੈ ਜਦ ਕਿ ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਪੁਲਸ ਉੱਤੇ ਲੋਕਾਂ ਦਾ ਭਰੋਸਾ ਸਭ ਤੋਂ ਵੱਧ ਹੈ। ਇਹ ਖੁਲਾਸੇ ਸਟੇਟਸ ਆਫ ਪੁਲੀਸਿੰਗ ਇਨ ਇੰਡੀਆ ਰਿਪੋਰਟ (ਐਸ ਪੀ ਆਈ ਆਰ) 2018 ਵਿੱਚ ਹੋਏ ਹਨ, ਜੋ ਪਿੱਛੇ ਜਿਹੇ ਜਾਰੀ ਕੀਤੀ ਗਈ ਹੈ। ਸੈਂਟਰ ਫਾਰ ਸਟੱਡੀ ਆਫ ਡਿਵੈਲਪਿੰਗ ਸਾਇੰਸਿਜ਼ ਅਤੇ ਐਨ ਜੀ ਓ ਕਾਮਨ ਕਾਜ਼ ਵੱਲੋਂ ਕਾਰਗੁਜ਼ਾਰੀ ਤੇ ਧਾਰਨਾ ਬਾਰੇ ਕੀਤੇ ਅਧਿਐਨ ਮੁਤਾਬਕ ਹਰਿਆਣਾ ਤੇ ਹਿਮਾਚਲ ਪ੍ਰਦੇਸ਼ ਨੇ ਚੋਟੀ ਦੇ ਸਥਾਨ ਹਾਸਲ ਕੀਤੇ ਹਨ। ਪੁਲਸ ਦਾ ਵੱਖ-ਵੱਖ ਟੈਸਟਾਂ ਬਾਰੇ ਮੁਲਾਂਕਣ ਕਰਨ ਵਾਲੀ ਰਿਪੋਰਟ ਵਿੱਚ ਪੰਜਾਬ ਅਤੇ ਦਿੱਲੀ ਪੁਲਸ ਨੂੰ ਫਾਡੀ ਸਥਾਨ ਮਿਲੇ ਹਨ। ਪੁਲਸ ਦੀ ਕਾਰਗੁਜ਼ਾਰੀ ਨੂੰ ਨਿਰਪੱਖਤਾ, ਪੁਲਸ ਵਿੱਚ ਮਹਿਲਾਵਾਂ ਪ੍ਰਤੀ ਨਰਮੀ ਅਤੇ ਲੋਕਾਂ ਦੇ ਨਜ਼ਰੀਏ ਨਾਲ ਪੁਲਸ ਪ੍ਰਤੀ ਭਰੋਸੇ ਜਿਹੇ ਮਾਪਦੰਡਾਂ 'ਤੇ ਪਰਖਿਆ ਗਿਆ ਹੈ। ਧਾਰਨਾ ਤੇ ਸੀਨੀਅਰ ਅਧਿਕਾਰੀਆਂ 'ਚ ਭਰੋਸੇ ਦੇ ਮਾਮਲੇ 'ਚ ਹਰਿਆਣਾ ਪੁਲਸ ਪਹਿਲੇ ਨੰਬਰ ਉਤੇ ਰਹੀ ਹੈ। ਹਿਮਾਚਲ ਪੁਲਸ ਨੂੰ ਦੂਜਾ ਸਥਾਨ ਹਾਸਲ ਹੋਇਆ ਹੈ। ਧਾਰਨਾ ਦੇ ਮਾਮਲੇ 'ਚ ਪੰਜਾਬ ਪੁਲਸ ਨੂੰ ਆਖਰੀ ਯਾਨੀ 22ਵਾਂ ਸਥਾਨ ਮਿਲਿਆ ਹੈ, ਪਰ ਸੀਨੀਅਰ ਪੁਲਸ ਅਧਿਕਾਰੀਆਂ 'ਚ ਭਰੋਸੇ ਪ੍ਰਤੀ ਪੰਜਾਬ ਦਾ ਨੰਬਰ 20ਵਾਂ ਹੈ। ਦਿੱਲੀ ਪੁਲਸ ਨੂੰ 12ਵਾਂ ਨੰਬਰ ਮਿਲਿਆ ਹੈ। ਪੁਲਸ ਨਿਰਪੱਖਤਾ ਬਾਰੇ ਪੰਜਾਬ ਨੂੰ 20ਵਾਂ ਅਤੇ ਦਿੱਲੀ ਨੂੰ 21ਵਾਂ ਸਥਾਨ ਮਿਲਿਆ ਹੈ।

We Provide services:
• Corporation Registration
• Corporation Tax Returns
• Personal Tax Retrurns
• Accounting • Book - Keeping
• H.S.T • WSIB • T4 • E-File
• Assistance in Audit with CRA

CPA CHARTERED PROFESSIONAL ACCOUNTANTS

Kamaljeet Singh Saini CPA, CGA
Chartered Professional Accountants
Off: 905-799-6292
Email: kamalgirn@gmail.com



7956 Torbram Rd, Unit #209, Brampton, ON L6T 5A2 Fax: 905-291-0741

A/Z Drivers Needed/ਡਰਾਈਵਰਾਂ ਦੀ ਲੋੜ

- Team Drivers Needed Immediately
- Dedicated AutoPart Runs To Texas, Missouri, Kansas
- Permanent Schedule for whole year
- Always Go to same Shippers No Waiting at All
- Highest Pay Rate Package Plus HST
- New Model Volvo Trucks
- Paid Every Week On Friday
- 20,000 to 24,00 Miles in a Month
- Always Home At Weekends
- Can Work From Brampton, Woodstock or London



- Autoparts ਦੇ ਡੇਡੀਕੇਟਡ ਰਨ ਵਾਸਤੇ ਟੀਮ ਡਰਾਈਵਰਾਂ ਦੀ ਲੋੜ ਹੈ
- Texas, Missouri ਅਤੇ Kansas ਡੈਡੀਕੇਟਡ ਰਨ ਲਈ ਲੋੜ ਹੈ
- 2018 ਦੇ ਵੋਲਵੋ ਬਰੈਂਡ ਨੀਊ ਟਰੱਕ, ਵੀਕਐਂਡ ਹਮੇਸ਼ਾ ਘਰ
- ਹਰ ਮਹੀਨੇ 20,000 ਤੋਂ 24,000 miles ਅਤੇ Pay Every Week

"ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ"

New Drivers Are Also Welcome, We Give Paid Training With Full Time Job

For Further Information Contact: 6476253344

www.AREA REALTOR.com



RE/MAX GOLD REALTY INC.
BROKERAGE

KAMAL SANDHU
Sales Representative
647.891.0143
Off: 905.456.1010



## ਬ੍ਰਿਟਿਸ਼ ਕਾਰੋਬਾਰੀ ਵੀ ਜੈੱਟ ਏਅਰਵੇਜ਼ ਨੂੰ ਖਰੀਦਣਾ ਚਾਹੁੰਦੈ

ਨਵੀਂ ਦਿੱਲੀ, 25 ਅਪ੍ਰੈਲ (ਪੋਸਟ ਬਿਊਰੋ)- ਨਕਦੀ ਸੰਕਟ ਨਾਲ ਜੂਝ ਰਹੀ ਜੈੱਟ ਏਅਰਵੇਜ਼ ਦੀਆਂ ਉਡਾਣ ਸੇਵਾਵਾਂ ਅਸਥਾਈ ਤੌਰ 'ਤੇ ਬੰਦ ਹੋ ਚੁੱਕੀਆਂ ਹਨ। ਸਟੇਟ ਬੈਂਕ ਆਫ ਇੰਡੀਆ (ਐੱਸ ਬੀ ਆਈ) ਦੀ ਅਗਵਾਈ 'ਚ ਬੈਂਕਾਂ ਦੇ ਕੰਟਰੋਲ 'ਚ ਆ ਚੁੱਕੀ ਜੈਟ ਏਅਰਵੇਜ਼ ਅੱਗੋਂ ਨੀਲਾਮੀ ਪ੍ਰਕਿਰਿਆ 'ਚੋਂ ਲੰਘੇਗੀ, ਪਰ ਇਸ ਤੋਂ ਪਹਿਲਾਂ ਜੀਵਨਦਾਨ ਦੇਣ ਲਈ ਵਿਦੇਸ਼ੀ ਧਰਤੀ ਤੋਂ ਜੈਟ ਏਅਰਵੇਜ਼ ਨੂੰ ਆਫਰ ਮਿਲਿਆ ਹੈ।

ਅਸਲ ਵਿੱਚ ਬ੍ਰਿਟੇਨ ਦੇ ਨੌਜਵਾਨ ਕਾਰੋਬਾਰੀ ਜੇਸਨ ਅੰਸਵਰਥ ਨੇ ਜੈਟ ਏਅਰਵੇਜ਼ ਨੂੰ ਕੰਟਰੋਲ 'ਚ ਲੈਣ ਦੀ ਇੱਛਾ ਜ਼ਾਹਰ ਕੀਤੀ ਹੈ। ਦੁਨੀਆ ਦੀਆਂ ਬਹੁਤ ਸਾਰੀਆਂ ਏਅਰਲਾਈਨਜ਼ ਵਿੱਚ ਕੰਮ ਕਰ ਚੁੱਕੇ ਜੇਸਨ ਨੇ ਸਾਲ 2015 ਵਿੱਚ ਐਟਮਾਸਫੇਅਰ ਇੰਟਰਕਾਂਟੀਨੈਂਟਲ ਏਅਰਲਾਈਨਜ਼ ਨਾਮੀ ਸਟਾਰਅਪ ਦੀ ਸਥਾਪਨਾ ਕੀਤੀ ਸੀ। ਇਸ ਨਾਲ ਉਹ ਲੰਡਨ ਸਟੈਨਸਟੇਡ ਏਅਰਪੋਰਟ ਤੋਂ ਸੇਵਾਵਾਂ ਸ਼ੁਰੂ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਜੇਸਨ ਅੰਸਵਰਥ ਨੇ ਆਪਣੇ ਕਰੀਅਰ ਦੀ ਸ਼ੁਰੂਆਤ ਵਾਲਮਾਰਟ ਸ਼ਾਪਿੰਗ ਸੈਂਟਰ ਦੇ ਸਟਾਫ ਵਜੋਂ ਕੀਤੀ ਸੀ। ਵਾਲਮਾਰਟ 'ਚ ਉਨ੍ਹਾਂ ਨੇ ਅਗਸਤ 2006 ਤੋਂ ਨਵੰਬਰ ਐਵੀਏਸ਼ਨ ਸੈਕਟਰ 'ਚ ਐਂਟਰੀ ਕੀਤੀ।

## ਜਨਮ ਦਿਨ ਮੌਕੇ ਸਚਿਨ ਤੇਂਦੁਲਕਰ ਨੂੰ ਲੋਕਪਾਲ ਨੇ ਨੋਟਿਸ ਜਾਰੀ ਕੀਤਾ

ਨਵੀਂ ਦਿੱਲੀ, 25 ਅਪ੍ਰੈਲ (ਪੋਸਟ ਬਿਊਰੋ)- ਬੀ ਸੀ ਸੀ ਆਈ (ਭਾਰਤੀ ਕ੍ਰਿਕਟ ਕੰਟਰੋਲ ਬੋਰਡ) ਦੇ ਲੋਕਪਾਲ ਡੀ ਕੇ ਜੈਨ ਨੇ ਕੱਲ੍ਹ ਸਚਿਨ ਤੇਂਦੁਲਕਰ ਤੇ ਸਾਬਕਾ ਬੱਲੇਬਾਜ਼ ਵੀ ਵੀ ਐੱਸ ਲਕਸ਼ਮਣ ਨੂੰ ਕ੍ਰਿਕਟਰ ਐਡਵਾਈਜ਼ਰੀ ਕਮੇਟੀ (ਸੀ ਏ ਸੀ) ਦਾ ਮੈਂਬਰ ਹੋਣ ਦੇ ਨਾਲ ਆਈ ਪੀ ਐੱਲ ਟੀਮਾਂ ਦਾ ਮੈਂਟਰ ਹੋਣ 'ਤੇ ਨੋਟਿਸ ਜਾਰੀ ਕੀਤਾ ਹੈ।



ਵਰਨਣ ਯੋਗ ਹੈ ਕਿ ਸਚਿਤਨ ਤੇਂਦੂਲਕਰ ਮੁੰਬਈ ਇੰਡੀਅਨਸ ਲਈ ਤੇ ਵੀ ਵੀ ਐਸ ਲਕਸ਼ਮਣ ਸਨਰਾਈਜ਼ਰਸ ਹੈਦਰਾਬਾਦ ਦੇ ਮੈਂਟਰ ਹਨ। ਜਿਸ ਦਿਨ ਕ੍ਰਿਕਟ ਪ੍ਰਸ਼ੰਸਕ ਸਚਿਨ ਦਾ ਜਨਮੇ ਦਿਨ ਮਨਾ ਰਹੇ ਸਨ, ਉਸੇ ਦਿਨ ਬੀ ਸੀ ਸੀ ਆਈ ਵੱਲੋਂ ਉਨ੍ਹਾਂ ਨੂੰ ਨੋਟਿਸ ਜਾਰੀ ਕੀਤਾ ਗਿਆ ਹੈ। ਲੋਕਪਾਲ ਦੇ ਅਨੁਸਾਰ ਇਹ ਹਿਤਾਂ ਦੇ ਟਕਰਾਅ ਦਾ ਤੀਸਰਾ ਮਾਮਲਾ ਹੈ। ਇਸ ਤੋਂ ਪਹਿਲਾਂ ਕ੍ਰਿਕਟ ਐਸੋਸੀਏਸ਼ਨ ਆਫ ਬੰਗਾਲ ਦੇ ਮੁਖੀ ਸੌਰਵ ਗਾਂਗੁਲੀ, ਦਿੱਲੀ ਕੈਪੀਟਲਸ ਦੇ ਸਲਾਹਕਾਰ ਅਤੇ ਸੀ ਏ ਸੀ ਦੇ ਮੈਂਬਰ ਹੋਣ ਦੇ ਕਾਰਨ ਜੈਨ ਦੇ ਸਾਹਮਣੇ ਪੇਸ਼ ਹੋ ਚੁੱਕੇ ਹਨ। ਇਹ ਤਿੰਨੇ ਸੀ ਏ ਸੀ ਦੇ ਮੈਂਬਰ ਹਨ ਅਤੇ ਇਨ੍ਹਾਂ ਨੇ 2017 ਵਿੱਚ ਰਵੀ ਸ਼ਾਸਤਰੀ ਨੂੰ ਕੋਚ ਚੁਣਿਆ ਸੀ। ਜਸਟਿਸ ਜੈਨ ਨੇ 28 ਅਪ੍ਰੈਲ ਤੱਕ ਤੇਂਦੁਲਕਰ ਅਤੇ ਲਕਸ਼ਮਣ ਨੂੰ ਲਿਖਤੀ ਵਿੱਚ ਜਵਾਬ ਦੇਣ ਲਈ ਕਿਹਾ ਹੈ। ਜਸਟਿਸ ਪੀ ਵੀ ਨਰਸਿਮਹਾ ਨੇ ਕੱਲ੍ਹ ਬੀ ਸੀ ਸੀ ਆਈ ਦੀਆਂ ਵੱਖ-ਵੱਖ ਮਾਨਤਾ ਪ੍ਰਾਪਤ ਯੂਨਿਟਾਂ ਨੂੰ ਕਿਹਾ ਕਿ ਸਾਲਾਨਾ ਫੰਡ ਲੈਣ ਦੇ ਲਈ ਸੂਬਾ ਇਕਾਈਆਂ ਦਾ ਸੰਵਿਧਾਨ ਪੂਰਨ ਰੂਪ ਤੋਂ ਲੋਢਾ ਕਮੇਟੀ ਦੀਆਂ ਸਿਫਾਰਸ਼ਾਂ ਦੇ ਅਨੁਸਾਰ ਹੋਣਾ ਚਾਹੀਦਾ ਹੈ।

## 21 ਵਿਰੋਧੀ ਪਾਰਟੀਆਂ ਨੇ ਸੁਪਰੀਮ ਕੋਰਟ 'ਚ ਸਮੀਖਿਆ ਪਟੀਸ਼ਨ ਦਾਇਰ ਕੀਤੀ

ਨਵੀਂ ਦਿੱਲੀ, 25 ਅਪ੍ਰੈਲ (ਪੋਸਟ ਬਿਊਰੋ)- ਭਾਰਤ ਦੀਆਂ 21 ਵਿਰੋਧੀ ਪਾਰਟੀਆਂ ਨੇ ਇਕ ਵਾਰ ਫਿਰ ਸੁਪਰੀਮ ਕੋਰਟ 'ਚ ਸਮੀਖਿਆ ਪਟੀਸ਼ਨ ਦਾਇਰ ਕਰਕੇ ਮੰਗ ਕੀਤੀ ਹੈ ਕਿ 50 ਫੀਸਦੀ ਈ ਵੀ ਐਮ ਵੋਟਾਂ ਅਤੇ ਵੀ ਵੀ ਪੈਟ ਪਰਚੀਆਂ ਦਾ ਮਿਲਾਨ ਕਰਨ ਲਈ ਚੋਣ ਕਮਿਸ਼ਨ ਨੂੰ ਹੁਕਮ ਦਿੱਤਾ ਜਾਵੇ। ਲੋਕ ਸਭਾ ਚੋਣਾਂ ਦੇ ਤੀਜੇ ਪੜਾਅ ਵਿੱਚ ਈ ਵੀ ਐਮ ਦੀ ਗੜਬੜੀ ਦੀਆਂ ਵਧਦੀਆਂ ਸ਼ਿਕਾਇਤਾਂ ਕਾਰਨ ਵਿਰੋਧੀ ਪਾਰਟੀਆਂ ਸੁਪਰੀਮ ਕੋਰਟ ਪੁੱਜੀਆਂ ਹਨ। ਇਸ ਸੰਬੰਧ ਵਿੱਚ 21 ਵਿਰੋਧੀ ਧਿਰਾਂ ਨੇ ਸੁਪਰੀਮ ਕੋਰਟ ਨੂੰ ਆਪਣੇ



ਉਸ ਫੈਸਲੇ ਦਾ ਜਾਇਜ਼ਾ ਲੈਣ ਲਈ ਕਿਹਾ ਹੈ, ਜਿਸ 'ਚ ਅਦਾਲਤ ਨੇ ਹਰ ਵਿਧਾਨ ਸਭਾ ਹਲਕੇ 'ਚੋਂ ਸਿਰਫ ਪੰਜ ਈ ਵੀ ਐਮ ਦੀ ਪਰਚੀ ਨਾਲ ਮਿਲਾਨ ਕਰਨ ਲਈ ਕਿਹਾ ਸੀ। ਵਿਰੋਧੀ ਧਿਰਾਂ ਨੇ ਅਦਾਲਤ ਨੂੰ ਘੱਟੋ-ਘੱਟ 50 ਫੀਸਦੀ ਵੀ ਵੀ ਪੈਟ ਪਰਚੀਆਂ ਦਾ ਮਿਲਾਨ ਕਰਨ ਦਾ ਹੁਕਮ ਦੇਣ ਦਾ ਨਿਰਦੇਸ਼ ਦੇਣ ਦੀ ਅਪੀਲ ਕੀਤੀ ਹੈ। ਸੁਪਰੀਮ ਕੋਰਟ ਨੇ ਇਸੇ ਮਹੀਨੇ ਵਿਰੋਧੀ ਧਿਰਾਂ ਵੱਲੋਂ ਪਹਿਲਾਂ ਕੀਤੀ ਇਹ ਅਪੀਲ ਰੱਦ ਕਰ ਦਿੱਤੀ ਸੀ। ਚੋਣ ਕਮਿਸ਼ਨ ਨੇ ਇਸ ਸਬੰਧੀ ਦਲੀਲ ਦਿੰਦਿਆਂ ਕਿਹਾ ਸੀ ਕਿ ਪਰਚੀਆਂ ਦੇ ਮਿਲਾਨ 'ਚ ਵਾਧਾ ਕਰਨ ਨਾਲ ਨਤੀਜਿਆਂ ਦੇ ਐਲਾਨ ਕਰਨ 'ਚ ਦੇਰ ਹੋ ਜਾਵੇਗੀ। 50 ਫੀਸਦੀ ਪਰਚੀਆਂ ਦੇ ਮਿਲਾਨ 'ਤੇ ਕਮਿਸ਼ਨ ਨੇ ਦਲੀਲ ਦਿੱਤੀ ਕਿ ਇਸ ਨਾਲ ਨਤੀਜਿਆਂ ਦੇ ਐਲਾਨ 'ਚ ਪੰਜ ਦਿਨ ਦੇਰੀ ਹੋਵੇਗੀ, ਜਿਸ 'ਤੇ ਸੁਪਰੀਮ ਕੋਰਟ ਨੇ ਇਕ ਵੀ ਵੀ ਪੈਟ ਮਸ਼ੀਨ 'ਚ ਪਰਚੀਆਂ ਦੇ ਮਿਲਾਨ ਦੀ ਥਾਂ 'ਤੇ ਪੰਜ ਮਸ਼ੀਨਾਂ ਦੀਆਂ ਪਰਚੀਆਂ ਨੂੰ ਮਿਲਾਉਣ ਦਾ ਆਦੇਸ਼ ਦਿੱਤਾ।

## ਭਾਰਤ ਵਿੱਚ 10 ਵਿੱਚੋਂ ਸੱਤ ਔਰਤਾਂ ਪਤੀ ਨਾਲ ਧੋਖਾ ਕਰਦੀਆਂ ਹਨ

ਨਵੀਂ ਦਿੱਲੀ, 25 ਅਪ੍ਰੈਲ (ਪੋਸਟ ਬਿਊਰੋ)- ਵਿਆਹ ਤੋਂ ਬਾਅਦ ਡੇਟਿੰਗ ਐਪ ਗਲੀਡੇਨ ਨੇ ਬੀਤੇ ਦਿਨੀਂ ਕਿਹਾ ਕਿ ਉਸ ਨੇ ਇੱਕ ਸਰਵੇ ਵਿੱਚ ਪਾਇਆ ਕਿ ਭਾਰਤ ਵਿੱਚ 10 ਵਿੱਚੋਂ ਸੱਤ ਔਰਤਾਂ ਆਪਣੇ ਪਤੀ ਨੂੰ ਧੋਖਾ ਦਿੰਦੀਆਂ ਹਨ, ਕਿਉਂਕਿ ਉਹ ਘਰੇਲੂ ਕੰਮਾਂ ਵਿੱਚ ਹਿੱਸਾ ਨਹੀਂ ਲੈਂਦੇ। ਕਈ ਔਰਤਾਂ ਨੇ ਆਪਣੇ ਸਾਥੀਆਂ ਨੂੰ ਇਸ ਲਈ ਧੋਖਾ ਦਿੱਤਾ ਕਿ ਉਨ੍ਹਾਂ ਦਾ ਵਿਆਹ ਅਕੇਵੇਂ ਵਾਲਾ ਹੋ ਗਿਆ ਸੀ। ਗਲੀਡੇਨ, ਜਿਸ ਦੀ ਭਾਰਤ ਵਿੱਚ ਪੰਜ ਲੱਖ ਤੋਂ ਵੱਧ ਲੋਕ ਵਰਤੋਂ ਕਰਦੇ ਹਨ, ਨੇ 'ਔਰਤਾਂ ਕਿਉਂ ਧੋਖਾ ਕਰਦੀਆਂ ਹਨ' ਸਿਰਲੇਖ ਨਾਲ ਇੱਕ ਸਰਵੇਖਣ ਵਿੱਚ ਖੁਲਾਸਾ ਕੀਤਾ ਕਿ ਬੰਗਲੌਰ, ਮੁੰਬਈ ਅਤੇ ਕੋਲਕਾਤਾ ਵਰਗੇ ਸ਼ਹਿਰਾਂ ਵਿੱਚ ਅਜਿਹੀ ਔਰਤਾਂ ਦੀ ਵੱਧ ਗਿਣਤੀ ਹੈ, ਜੋ ਆਪਣੇ ਪਤੀ ਨੂੰ ਧੋਖਾ ਦਿੰਦੀਆਂ ਹਨ।

ਗਲੀਡੇਨ ਦੇ ਸਰਵੇਖਣ ਮਾਹਰ ਸੋਲੇਨ ਪੈਲੇਟ ਨੇ ਦੱਸਿਆ ਹੈ ਕਿ 10 ਵਿੱਚੋਂ ਚਾਰ ਔਰਤਾਂ ਦਾ ਮੰਨਣਾ ਹੈ ਕਿ ਅਜਨਬੀਆਂ ਨਾਲ ਮੌਜਮਸਤੀ ਦੇ ਬਾਅਦ ਉਨ੍ਹਾਂ ਦੇ ਜੀਵਨ ਸਾਥੀ ਨਾਲ ਉਨ੍ਹਾਂ ਦਾ ਰਿਸ਼ਤਾ ਹੋਰ ਜ਼ਿਆਦਾ ਮਜ਼ਬੂਤ ਹੋਇਆ ਹੈ। ਪੰਜ ਲੱਖ ਭਾਰਤੀ ਗਲੀਡਨ ਯੂਜ਼ਰਸ ਵਿੱਚੋਂ ਵੀਹ ਫੀਸਦੀ ਮਰਦਾਂ ਅਤੇ 13 ਫੀਸਦੀ ਔਰਤਾਂ ਨੇ ਆਪਣੇ ਜੀਵਨ ਸਾਥੀ ਨੂੰ ਧੋਖਾ ਦੇਣ ਦੀ ਗੱਲ ਸਵੀਕਾਰ ਕੀਤੀ ਹੈ। ਗਲੀਡਨ ਐਪ ਨੂੰ 2009 ਵਿੱਚ ਫਰਾਂਸ ਵਿੱਚ ਲਾਂਚ ਕੀਤਾ ਗਿਆ ਸੀ। ਇਹ 2017 ਵਿੱਚ ਭਾਰਤ ਵਿੱਚ ਆਇਆ ਅਤੇ ਅੱਜ ਭਾਰਤ ਵਿੱਚ ਇਸ ਦੇ 30 ਫੀਸਦੀ ਮੈਂਬਰ ਹਨ। ਇਨ੍ਹਾਂ ਵਿੱਚੋਂ 34 ਸਾਲ ਅਤੇ 49 ਸਾਲ ਉਮਰ-ਵਰਗ ਦੀਆਂ ਵਿਆਹੁਤਾ ਔਰਤਾਂ ਹਨ। ਲਗਭਗ 77 ਫੀਸਦੀ ਭਾਰਤੀ ਔਰਤਾਂ ਨੇ ਇਸ ਗੱਲ ਨੂੰ ਮੰਨਿਆ ਕਿ ਉਨ੍ਹਾਂ ਦੇ ਆਪਣੇ ਪਤੀ ਨੂੰ ਧੋਖਾ ਦੇਣ ਦਾ ਕਾਰਨ ਇਹ ਸੀ ਕਿ ਉਨ੍ਹਾਂ ਦਾ ਵਿਆਹ ਅਕਾਊ ਹੋ ਗਿਆ ਸੀ ਅਤੇ ਵਿਆਹ ਤੋਂ ਬਾਹਰ ਇੱਕ ਸਾਥੀ ਨੂੰ ਲੱਭਣ ਤੋਂ ਉਨ੍ਹਾਂ ਨੇ ਆਪਣੇ ਜੀਵਨ ਵਿੱਚ ਉਤਸ਼ਾਹ ਦਾ ਅਹਿਸਾਸ ਹੋਇਆ।

## ਭਾਜਪਾ ਤੋਂ ਟਿਕਟ ਦੇ ਇਨਕਾਰ ਪਿੱਛੋਂ ਉਦਿਤ ਰਾਜ ਕਾਂਗਰਸ ਵਿੱਚ ਸ਼ਾਮਲ

ਨਵੀਂ ਦਿੱਲੀ, 25 ਅਪ੍ਰੈਲ (ਪੋਸਟ ਬਿਊਰੋ)- ਟਿਕਟ ਮਿਲ ਸਕਣ ਪਿੱਛੋਂ ਉਤਰ-ਪੱਛਮੀ ਦਿੱਲੀ ਦੇ ਪਾਰਲੀਮੈਂਟ ਮੈਂਬਰ ਉਦਿਤ ਰਾਜ ਭਾਜਪਾ ਨੂੰ ਛੱਡ ਕੇ ਕਾਂਗਰਸ ਵਿੱਚ ਸ਼ਾਮਲ ਹੋ ਗਏ ਹਨ। ਭਾਜਪਾ ਨੇ ਕੱਲ੍ਹ ਉਨ੍ਹਾਂ ਦੀ ਉੱਤਰ-ਪੱਛਮੀ ਸੀਟ ਤੋਂ ਗਾਇਕ ਹੰਸਰਾਜ ਹੰਸ ਨੂੰ ਟਿਕਟ ਦੇ ਦਿੱਤੀ ਹੈ।



ਉਦਿਤ ਰਾਜ ਨੇ ਦਾਅਵਾ ਕੀਤਾ ਸੀ ਕਿ ਭਾਜਪਾ ਉਨ੍ਹਾਂ 'ਤੇ ਅਸਤੀਫੇ ਦਾ ਦਬਾਅ ਪਾ ਰਹੀ ਹੈ, ਪਰ ਉਨ੍ਹਾਂ ਨੇ ਕੋਈ ਫੈਸਲਾ ਨਹੀਂ ਲਿਆ। ਉਹ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਦੀ ਮੌਜੂਦਗੀ ਵਿੱਚ ਕਾਂਗਰਸ ਵਿੱਚ ਸ਼ਾਮਲ ਹੋ ਗਏ। ਉਨ੍ਹਾਂ ਨੇ ਕਿਹਾ ਕਿ ਲੋਕਪ੍ਰਿਅਤਾ ਦੇ ਸਰਵੇ ਵਿੱਚ ਉਨ੍ਹਾਂ ਨੂੰ ਦੂਸਰਾ ਸਭ ਤੋਂ ਲੋਕਪ੍ਰਿਯ ਪਾਰਲੀਮੈਂਟ ਮੈਂਬਰ ਚੁਣਿਆ ਗਿਆ, ਪਰੰਤੂ ਭਾਜਪਾ ਨੇ ਟਿਕਟ ਨਹੀਂ ਦਿੱਤੀ। ਉਨ੍ਹਾਂ ਨੇ ਕਿਹਾ, 2014 ਵਿੱਚ ਪਾਰਟੀ ਨੇ ਰਾਮਨਾਥ ਕੋਵਿੰਦ ਨੂੰ ਟਿਕਟ ਨਹੀਂ ਦਿੱਤੀ ਤਾਂ ਉਹ ਮੇਰੇ ਕੋਲ ਆਏ ਤੇ ਆਪਣੇ ਚੁੱਪ ਰਹਿਣ ਦਾ ਇਨਾਮ ਦੇਖਿਆ ਕਿ ਉਨ੍ਹਾਂ ਨੂੰ ਰਾਸ਼ਟਰਪਤੀ ਬਣਾ ਦਿੱਤਾ ਗਿਆ। ਮੈਂ ਵੀ ਚੁੱਪ ਰਹਿੰਦਾ ਤਾਂ ਸ਼ਾਇਦ ਮੈਨੂੰ ਪ੍ਰਧਾਨ ਮੰਤਰੀ ਬਣਾ ਦਿੱਤਾ ਜਾਂਦਾ। ਉਦਿਤ ਨੇ ਕਿਹਾ ਕਿ ਜਦ 2018 ਵਿੱਚ ਐੱਸ ਸੀ-ਐੱਸ ਟੀ ਕਾਨੂੰਨ ਉੱਤੇ ਸੋਧ ਬਾਰੇ ਬੰਦ ਆਯੋਜਤ ਹੋਇਆ, ਮੈਂ ਵਿਰੋਧ ਕੀਤਾ, ਇਸ ਲਈ ਪਾਰਟੀ ਮੇਰੇ ਨਾਲ ਨਾਰਾਜ਼ ਹੋ ਗਈ, ਪ੍ਰੰਤੂ ਮੈਂ ਦਲਿਤਾਂ ਦੇ ਮੁੱਦੇ ਉਠਾਉਂਦਾ ਰਹਾਂਗਾ। ਉਨ੍ਹਾਂ ਕਿਹਾ ਕਿ ਭਾਜਪਾ ਦਲਿਤ ਵਿਰੋਧੀ ਹੈ, ਜਦ ਕਿ ਕਾਂਗਰਸ ਨੇ ਹਮੇਸ਼ਾ ਦਲਿਤ ਹਿੱਤਾਂ ਲਈ ਕੰਮ ਕੀਤਾ ਹੈ। ਪਿਛਲੀਆਂ ਆਮ ਚੋਣਾਂ ਵਿੱਚ ਉੱਤਰ-ਪੱਛਮੀ ਦਿੱਲੀ (ਸੁਰੱਖਿਅਤ) ਸੀਟ ਤੋਂ ਲੋਕ ਸਭਾ ਪਹੁੰਚੇ ਉਦਿਤ ਰਾਜ ਨੇ ਆਪਣੀ ਇੰਡੀਅਨ ਜਸਟਿਸ ਪਾਰਟੀ ਦਾ ਭਾਜਪਾ ਵਿੱਚ ਰਲੇਵਾਂ ਕਰ ਲਿਆ ਸੀ।

## ਸਾਬਕਾ ਮੰਤਰੀ ਅਲਾਗਿਰੀ ਦੇ ਬੇਟੇ ਦੀ 40 ਕਰੋੜ ਤੋਂ ਜ਼ਿਆਦਾ ਦੀ ਜਾਇਦਾਦ ਜ਼ਬਤ

ਨਵੀਂ ਦਿੱਲੀ, 25 ਅਪ੍ਰੈਲ (ਪੋਸਟ ਬਿਊਰੋ)- ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਮਨੀ ਲਾਂਡਰਿੰਗ ਐਕਟ ਦੇ ਤਹਿਤ ਡੀ ਐਮ ਕੇ ਤੋਂ ਕੱਢੇ ਗਏ ਨੇਤਾ ਐਮ ਕੇ ਅਲਾਗਿਰੀ ਦੇ ਬੇਟੇ ਅਲਾਗਿਰੀ ਦਇਆਨਿਧੀ ਦੀ 40 ਕਰੋੜ ਰੁਪਏ ਤੋਂ ਜ਼ਿਆਦਾ ਦੀ 25 ਚਲ ਅਤੇ ਅਚਲ ਜਾਇਦਾਦਾਂ ਨੂੰ ਅਸਥਾਈ ਤੌਰ 'ਤੇ ਜ਼ਬਤ ਕਰ ਲਿਆ ਹੈ।



ਈ ਡੀ ਦੇ ਅਧਿਕਾਰੀ ਨੇ ਦੱਸਿਆ ਕਿ ਜਾਂਚ ਏਜੰਸੀ ਨੇ ਨਾਜਾਇਜ਼ ਗ੍ਰੇਨਾਇਡ ਖਨਨ ਮਾਮਲੇ ਵਿੱਚ ਚੇਨਈ ਅਤੇ ਮਦੁਰੈ ਵਿੱਚ ਅਲਾਗਿਰੀ ਦੀ ਜ਼ਮੀਨ, ਇਮਾਰਤ ਅਤੇ ਓਲੰਪਸ ਗ੍ਰੇਨਾਇਡ ਪ੍ਰਾਈਵੇਟ ਲਿਮਿਟਿਡ ਦੀ ਫਿਕਸਡ ਡਿਪਾੱਜਿਟ ਨੂੰ ਅਟੈਚ ਕੀਤਾ ਹੈ। ਈ ਡੀ ਦੇ ਮੁਤਾਬਕ ਕੰਪਨੀ ਦੇ ਸ਼ੇਅਰ ਧਾਰਕਾਂ ਐਸ ਨਾਗਰਾਜਨ ਅਤੇ ਅਲਾਗਿਰੀ ਦਇਆਨਿਧੀ ਨੇ ਹੋਰ ਦੋਸ਼ੀਆਂ ਨਾਲ ਮਿਲ ਕੇ ਅਪਰਾਧਿਕ ਸਾਜ਼ਿਸ਼ ਰਚੀ ਤੇ ਉਹ ਟੀ ਏ ਐਮ ਆਈ ਐਨ ਲੀਜ਼ ਜ਼ਮੀਨ ਵਿੱਚ ਨਾਜਾਇਜ਼ ਮਾਈਨਿੰਗ ਗਤੀਵਿਧੀਆਂ ਵਿੱਚ ਸ਼ਾਮਲ ਸੀ। ਈ ਡੀ ਨੇ ਤਾਮਿਲ ਨਾਡੂ ਪੁਲਸ ਵੱਲੋਂ ਦਰਜ ਕੀਤੀ ਐਫ ਆਈ ਆਰ ਅਤੇ ਦਾਇਰ ਕੀਤੀ ਗਈ ਚਾਰਜਸ਼ੀਟ ਦੇ ਆਧਾਰ 'ਤੇ ਓਲੰਪਸ ਗ੍ਰੇਨਾਇਟ ਲਿਮਟਿਡ ਦੇ ਖਿਲਾਫ ਜਾਂਚ ਸ਼ੁਰੂ ਕੀਤੀ ਸੀ। ਜ਼ਿਕਰ ਯੋਗ ਹੈ ਕਿ 2017 ਵਿੱਚ ਤਾਮਿਲ ਨਾਡੂ ਪੁਲਸ ਨੇ ਮਦੁਰੈ ਦੀ ਅਦਾਲਤ ਵਿੱਚ ਡੀ ਐਮ ਕੇ ਪ੍ਰਮੁੱਖ ਐਮ ਕਰੁਣਾਨਿਧੀ ਦੇ ਪੋਤੇ ਅਤੇ ਅਲਾਗਿਰੀ ਦੇ ਬੇਟੇ ਦਇਆਨਿਧੀ ਤੇ ਹੋਰਨਾਂ ਖਿਲਾਫ ਚਾਰਜਸ਼ੀਟ ਦਾਇਰ ਕੀਤੀ ਸੀ। ਪੰਜ ਹਜ਼ਾਰ ਤੋਂ ਜ਼ਿਆਦਾ ਪੰਨਿਆਂ ਦੀ ਚਾਰਜਸ਼ੀਟ ਵਿੱਚ ਪੁਲਸ ਨੇ ਕਿਹਾ ਸੀ ਕਿ ਮਦੁਰੈ ਜ਼ਿਲੇ ਵਿੱਚ ਦੋਸ਼ੀਆਂ ਨੇ 257 ਕਰੋੜ ਰੁਪਏ ਦੇ ਨਾਜਾਇਜ਼ ਗ੍ਰੇਨਾਇਡ ਖਨਨ ਨੂੰ ਅੰਜ਼ਾਮ ਦਿੱਤਾ, ਜਿਸ ਨਾਲ ਸਰਕਾਰ ਨੂੰ ਭਾਰੀ ਨੁਕਸਾਨ ਪੁੱਜਾ ਸੀ।

**Action Kitchen & Bath Inc**

MANUFACTURE OF FINE CUSTOM KITCHEN AND BATH VANITIES

BUY DIRECT FROM THE FACTORY AND SAVE

ਬਹੁਤ ਹੀ ਘੱਟ ਰੇਟ ਤੇ ਆਪਣੀ ਕਿਚਨ ਬਣਵਾਉ

SPECIAL DISCOUNT FOR CONTRACTORS

Custom Kitchen & Vanities • Granite Countertops
Complete Kitchen & Bathroom Renovations
3D Computer Design

We will beat any written quote by 10%

Call for FREE In-Home Estimate
905-799-7277 or 1-800-536-2480
Mon - Fri : 9am to 6pm Sat: 11am - 4pm
Sun: APPOINTMENT ONLY

actionkitchen@live.ca
www.actionkitchen.ca

8 Starthern Ave, Unit 1 & 2, Brampton (South of Steeles facing Dixie)

## ਪਹਿਲਾਂ ਚੁਣੌਤੀ ਦੇਣ ਵਾਲੇ ਨੇ ਵਕਤ ਆਏ ਤੋਂ ਮੈਦਾਨ ਛੱਡਿਆ

ਚੰਡੀਗੜ੍ਹ, 25 ਅਪ੍ਰੈਲ (ਪੋਸਟ ਬਿਊਰੋ)- ਭਾਜਪਾ ਤੋਂ ਬਾਗੀ ਹੋ ਕੇ ਲੋਕਤੰਤਰ ਸੁਰੱਖਿਆ ਪਾਰਟੀ ਬਣਾ ਚੁੱਕੇ ਕੁਰੂਕਸ਼ੇਤਰ ਦੇ ਸਾਬਕਾ ਪਾਰਲੀਮੈਂਟ ਮੈਂਬਰ ਰਾਜ ਕੁਮਾਰ ਸੈਣੀ ਇਸ ਵਾਰ ਖੁਦ ਚੋਣ ਮੈਦਾਨ ਵਿੱਚ ਨਹੀਂ ਉਤਰੇ। ਖਬਰਾਂ ਵਿੱਚ ਬਣੇ ਰਹਿਣ ਲਈ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੂੰ ਸੋਨੀਪਤ ਵਿੱਚ ਚੋਣਾਂ ਲੜਨ ਦੀ ਚੁਣੌਤੀ ਦੇ ਕੇ ਐਨ ਮੌਕੇ 'ਤੇ ਮੈਦਾਨ ਛੱਡ ਦਿੱਤਾ। ਸੂਬੇ ਵਿੱਚ ਮੰਤਰੀ, ਪਾਰਲੀਮੈਂਟ ਮੈਂਬਰ ਅਤੇ ਵਿਧਾਇਕ ਰਹਿ ਚੁੱਕੇ ਰਾਜ ਕੁਮਾਰ ਸੈਣੀ ਜਿਸ ਤਰ੍ਹਾਂ ਦਸਤਾਵੇਜ਼ਾਂ ਵਿੱਚ ਕਮੀ ਦੀ ਦੁਹਾਈ ਦੇ ਰਹੇ, ਉਹ ਉਨ੍ਹਾਂ ਦੇ ਸਮਰਥਕਾਂ ਨੂੰ ਵੀ ਹਜ਼ਮ ਨਹੀਂ ਹੋ ਰਿਹਾ।

ਦੋਸ਼ ਇਹ ਲਾਇਆ ਗਿਆ ਹੈ ਕਿ ਰਾਜ ਕੁਮਾਰ ਸੈਣੀ ਨੇ ਚੋਣਾਂ ਲੜਨ ਤੋਂ ਬਚਣ ਲਈ ਜਾਣਬੁੱਝ ਕੇ ਕਾਗਜ਼ ਪੂਰੇ ਨਹੀਂ ਕੀਤੇ, ਜਿਸ ਕਾਰਨ ਉਨ੍ਹਾਂ ਦੇ ਨਾਮਜ਼ਦਗੀ ਪੱਤਰ ਦਾਖਲ ਨਹੀਂ ਹੋ ਸਕਿਆ। ਅਸਲ ਵਿੱਚ ਸੈਣੀ ਨਹੀਂ ਚਾਹੁੰਦੇ ਸਨ ਕਿ ਉਹ ਕਿਸੇ ਝਮੇਲੇ ਵਿੱਚ ਪੈਣ। ਜਾਟਲੈਂਡ ਵਿੱਚ ਸੈਣੀ ਦੇ ਚੋਣ ਲੜਨ ਦਾ ਮਤਲਬ ਸਾਫ ਸੀ ਕਿ ਸੂਬੇ ਨੂੰ ਫਿਰ ਤੋਂ ਦੰਗੇ ਵੱਲ ਧੱਕਣਾ। ਬਸਪਾ ਨਾਲ ਗਠਜੋੜ ਦੇ ਬਾਅਦ ਲੋਕਤੰਤਰ ਸੁਰੱਖਿਆ ਪਾਰਟੀ ਦੇ ਹਿੱਸੇ ਵਿੱਚ ਭਿਵਾਨੀ-ਮਹਿੰਦਰਗੜ੍ਹ ਤੇ ਗੁਰੂਗ੍ਰਾਮ ਦੀਆਂ ਸੀਟਾਂ ਆਈਆਂ ਸਨ। ਇਸ ਦੇ ਬਾਵਜੂਦ ਰਾਜ ਕੁਮਾਰ ਸੈਣੀ ਖਬਰਾਂ ਵਿੱਚ ਬਣੇ ਰਹਿਣ ਲਈ ਸੋਨੀਪਤ ਤੋਂ ਹੁੱਡਾ ਦੇ ਉਤਰਨ ਦੀ ਸਥਿਤੀ ਵਿੱਚ ਚੋਣ ਲੜਨ ਦਾ ਦਮ ਭਰਦੇ ਰਹੇ ਸਨ। ਨਾਮਜ਼ਦਗੀ ਪੱਤਰ ਪੇਸ਼ ਕਰਨ ਦੇ ਆਖਰੀ ਦਿਨ ਭੁਪਿੰਦਰ ਸਿੰਘ ਹੁੱਡਾ ਨੇ ਪਰਚਾ ਭਰ ਦਿੱਤਾ, ਪਰ ਸੈਣੀ ਖਿਸਕ ਗਏ। ਉਨ੍ਹਾਂ ਦਾ ਦਾਅਵਾ ਹੈ ਕਿ ਉਹ ਨਾਮਜ਼ਦਗੀ ਪੱਤਰ ਦਾਖਲ ਕਰਨ ਗਏ ਸਨ, ਪਰੰਤੂ ਕਾਗਜ਼ੀ ਕਾਰਵਾਈ ਪੂਰੀ ਨਾ ਹੋਣ ਕਾਰਨ ਉਹ ਅਜਿਹਾ ਨਹੀਂ ਕਰ ਸਕੇ।

## ਰੋਹਿਤ ਦੀ ਹੱਤਿਆ ਦੇ ਦੋਸ਼ ਵਿੱਚ ਉਸ ਦੀ ਪਤਨੀ ਅਪੂਰਵਾ ਗ੍ਰਿਫਤਾਰ

ਨਵੀਂ ਦਿੱਲੀ, 25 ਅਪ੍ਰੈਲ (ਪੋਸਟ ਬਿਊਰੋ)- ਕਾਂਗਰਸ ਦੇ ਮਰਹੂਮ ਨੇਤਾ ਨਾਰਾਇਣ ਦੱਤ ਤਿਵਾੜੀ ਦੇ ਬੇਟੇ ਰੋਹਿਤ ਸ਼ੇਖਰ ਤਿਵਾੜੀ (40) ਦੀ ਹੱਤਿਆ ਦੇ ਮਾਮਲੇ ਵਿੱਚ ਕਰਾਈਮ ਬ੍ਰਾਂਚ ਨੇ ਪੰਜ ਦਿਨ ਦੀ ਪੁੱਛਗਿੱਛ ਦੇ ਬਾਅਦ ਰੋਹਿਤ ਦੀ ਪਤਨੀ ਅਪੂਰਵਾ ਸ਼ੁਕਲਾ (35) ਨੂੰ ਗ੍ਰਿਫਤਾਰ ਕਰ ਲਿਆ ਹੈ।

ਵਿਆਹੁਤਾ ਜੀਵਨ ਵਿੱਚ ਕਲੇਸ਼ ਅਤੇ ਜਾਇਦਾਦ ਨਾ ਮਿਲਣ ਦੇ ਕਾਰਨ ਉਹ ਡਿਪਰੈਸ਼ਨ ਵਿੱਚ ਸੀ। ਘਟਨਾ ਵਾਲੇ ਦਿਨ ਰੋਹਿਤ ਅਤੇ ਭਰਜਾਈ ਕੁਮਕੁਮ ਦੇ ਇਕੱਠੇ ਸ਼ਰਾਬ ਪੀਣ ਬਾਰੇ ਦੋਵਾਂ ਦਾ ਝਗੜਾ ਹੋਇਆ। ਇਸੇ ਦੌਰਾਨ ਗੁੱਸੇ ਵਿੱਚ ਆ ਕੇ ਉਸ ਨੇ ਰੋਹਿਤ ਦਾ ਗਲਾ ਘੁੱਟ ਦਿੱਤਾ। ਬਿਮਾਰੀਆਂ ਕਾਰਨ ਸਰੀਰ ਕਮਜ਼ੋਰ ਹੋਣ ਤੇ ਨਸ਼ੇ ਦੀ ਹਾਲਤ ਵਿੱਚ ਹੋਣ ਦੇ ਕਾਰਨ ਉਹ ਅਪੂਰਵਾ ਦਾ ਵਿਰੋਧ ਨਹੀਂ ਕਰ ਸਕਿਆ। ਇਸ ਘਟਨਾ ਦੇ ਬਾਅਦ ਉਸ ਨੇ ਰੋਹਿਤ ਦੀ ਨੱਕ ਅਤੇ ਮੂੰਹ ਨੂੰ ਵੀ ਦਬਾਇਆ ਸੀ। ਰੋਹਿਤ ਦੇ ਮੂੰਹ ਅਤੇ ਨੱਕ 'ਚੋਂ ਖੂਨ ਨਿਕਲਣ ਦੀ ਇਹੀ ਵਜ੍ਹਾ ਮੰਨੀ ਜਾ ਰਹੀ ਹੈ। ਕਰਾਈਮ ਬ੍ਰਾਂਚ ਦੇ ਮੁਤਾਬਕ 15 ਅਪ੍ਰੈਲ ਨੂੰ ਰੋਹਿਤ ਪਰਵਾਰ ਮੈਂਬਰਾਂ ਨਾਲ ਵੋਟ ਪਾ ਕੇ ਪਰਤ ਰਹੇ ਸਨ। ਉਸੇ ਸਮੇਂ ਅਪੂਰਵਾ ਨੇ ਵਾਟਸਐਪ 'ਤੇ ਉਨ੍ਹਾਂ ਨੂੰ ਵੀਡੀਓ ਕਾਲ ਕੀਤੀ ਸੀ। ਇਸ ਵਿੱਚ ਉਹ ਕੁਮਕੁਮ ਦੇ ਨਾਲ ਇੱਕ ਹੀ ਗਿਲਾਸ ਵਿੱਚ ਸ਼ਰਾਬ ਪੀਂਦੇ ਦਿਖਾਈ ਦਿੱਤੇ ਸਨ। ਘਰ ਪਹੁੰਚਣ 'ਤੇ ਰਾਤ ਕਰੀਬ ਇੱਕ ਵਜੇ ਦੋਵਾਂ ਵਿੱਚ ਇਸ ਗੱਲ ਬਾਰੇ ਝਗੜਾ ਹੋ ਗਿਆ। ਗੁੱਸੇ ਵਿੱਚ ਆ ਕੇ ਉਸ ਨੇ ਰੋਹਿਤ ਦਾ ਗਲਾ ਘੁੱਟ ਦਿੱਤਾ, ਜਿਸ ਕਾਰਨ ਰੋਹਿਤ ਦੀ ਮੌਤ ਹੋ ਗਈ। ਕਰੀਬ 2.30 ਵਜੇ ਉਹ ਦੂਸਰੇ ਕਮਰੇ ਵਿੱਚ ਜਾ ਕੇ ਸੌਂ ਗਈ। ਸਵੇਰੇ 11 ਵਜੇ ਰੋਹਿਤ ਦੀ ਮਾਂ ਉਜਵਲਾ ਨੇ ਫੋਨ ਕੀਤਾ ਤਾਂ ਦੱਸਿਆ ਕਿ ਉਹ ਅਜੇ ਸੁੱਤੇ ਹਨ। ਅਪੂਰਵਾ ਦੀ 2017 ਵਿੱਚ ਮੈਟਰੀਮੋਨੀਅਲ ਸਾਈਟ ਦੇ ਜ਼ਰੀਏ ਰੋਹਿਤ ਨਾਲ ਜਾਣ-ਪਛਾਣ ਹੋਈ। ਅਪੂਰਵਾ ਨੂੰ ਉਮੀਦ ਸੀ ਕਿ ਰੋਹਿਤ ਨੂੰ ਕਾਫੀ ਜਾਇਦਾਦ ਮਿਲੇਗੀ। 11 ਮਈ 2018 ਨੂੰ ਦੋਵਾਂ ਨੇ ਵਿਆਹ ਕਰ ਲਿਆ। ਵਿਆਹ ਦੇ ਬਾਅਦ ਉਸ ਨੂੰ ਪਤਾ ਲੱਗਾ ਕਿ ਰੋਹਿਤ ਦੇ ਕੋਲ ਕੋਈ ਪ੍ਰਾਪਰਟੀ ਨਹੀਂ ਹੈ।

NEED A LAWYER ??

Red Seal NOTARY

KAUR LAW OFFICE

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

MANJEET KAUR
LL.B., (London UK)
Barrister, Solicitor & Notary Public

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

UPPAL LAW

FREE CONSULTATION !

Avtar Uppal
Manager

Aman Uppal
BARRISTER, SOLICITOR

IMMIGRATION SERVICES :
- Visitor Visa ($200)
- Supervisa ($200)
- Study, Work, Visitor Extension ($125)
- Spousal Applications ($600)
- Family Sponsorship
- Permanent Residence Card Renewal ($65)
- Citizenship Applications ($70)
- All Invitation letters ($35)

OTHER PRACTICES:
- Criminal Law
- Power of Attorney ($60)
- Change of Name ($115)
- Notarization ($15)
- Travel Consent ($20)
- Affidavit ($35)
- Landlord and Tenant Matters ($250)

Prices are subject to Taxes, do not include Government fees and service by appointment only.
Offer valid until 9/30/201

Ph: 905-676-8200 Fax: 905-672-7848
351 Parkhurst Square, Brampton, ON L6T 5H5
2857 Derry Rd E, Mississauga, ON L4T 1A6

## ਪਹਿਲਾਂ ਜਬਰੀ ਨਸਬੰਦੀ ਕਰਕੇ ਮੁਆਵਜ਼ਾ ਵੀ ਦੇ ਰਹੀ ਹੈ ਸਰਕਾਰ

ਟੋਕੀਓ, 25 ਅਪ੍ਰੈਲ (ਪੋਸਟ ਬਿਊਰੋ)- ਜਾਪਾਨ ਸਰਕਾਰ ਨੇ ਉਨ੍ਹਾਂ ਹਜ਼ਾਰਾਂ ਲੋਕਾਂ ਤੋਂ ਮੁਆਫੀ ਮੰਗ ਲਈ ਹੈ ਜਿਨ੍ਹਾਂ ਦੀ ਯੁਜੇਨਿਕਸ ਪ੍ਰੋਟੈਕਸ਼ਨ ਕਾਨੂੰਨ ਹੇਠ ਜਬਰੀ ਨਸਬੰਦੀ ਕਰਵਾਈ ਗਈ ਸੀ। ਸਰਕਾਰ ਨੇ ਪੀੜਤਾਂ ਨੂੰ ਮੁਆਵਜ਼ਾ ਦੇਣ ਦਾ ਵੀ ਵਾਅਦਾ ਕੀਤਾ ਹੈ, ਜਿਸ ਉੱਤੇ ਕੰਮ ਹੋ ਰਿਹਾ ਹੈ।

ਮੁੱਖ ਕੈਬਨਿਟ ਸੈਕਟਰੀ ਯੋਸ਼ਿਹਿਦੇ ਸੁਗਾ ਨੇ ਕਿਹਾ ਕਿ ਉਹ ਪੀੜਤਾਂ ਤੋਂ ਮੁਆਫੀ ਮੰਗਦੇ ਹਨ। ਵਰਨਣ ਯੋਗ ਹੈ ਕਿ ਜਾਪਾਨੀ ਪਾਰਲੀਮੈਂਟ ਨੇ ਕੱਲ੍ਹ ਇੱਕ ਬਿਲ ਪਾਸ ਕੀਤਾ ਸੀ ਜਿਸ ਨਾਲ ਹਰ ਪੀੜਤ ਨੂੰ ਵੀਹ ਲੱਖ ਰੁਪਏ ਦੇ ਬਰਾਬਰ ਮੁਆਵਜ਼ਾ ਦੇਣ ਸਮੇਤ ਪੀੜਤਾਂ ਦੀ ਮਦਦ ਕੀਤੀ ਜਾਏਗੀ। ਜਾਪਾਨ ਵਿੱਚ 1948 ਤੋਂ 1996 ਦਰਮਿਆਨ 25000 ਲੋਕਾਂ ਦੀ ਨਸਬੰਦੀ ਕੀਤੀ ਗਈ ਸੀ। ਇਸ ਕਾਨੂੰਨ ਹੇਠ ਡਾਕਟਰਾਂ ਨੂੰ ਮਾਨਸਿਕ ਰੂਪ ਤੋਂ ਅਸਥਿਰ ਲੋਕਾਂ ਦੀ ਨਸਬੰਦੀ ਕਰਨ ਦੀ ਮਨਜ਼ੂਰੀ ਦਿੱਤੀ ਸੀ। ਮੀਡੀਆ ਰਿਪੋਰਟਾਂ ਦੇ ਮੁਤਾਬਕ ਇਨ੍ਹਾਂ 48 ਸਾਲਾਂ ਵਿੱਚ ਜਿਨ੍ਹਾਂ 25 ਹਜ਼ਾਰ ਲੋਕਾਂ ਦੀ ਨਸਬੰਦੀ ਹੋਈ ਸੀ, ਉਨ੍ਹਾਂ ਵਿੱਚੋਂ ਸਿਰਫ ਅੱਠ ਹਜ਼ਾਰ ਤੋਂ ਮਨਜ਼ੂਰੀ ਲਈ ਗਈ ਸੀ। ਇਨ੍ਹਾਂ ਲੋਕਾਂ ਨੇ ਵੀ ਦਬਾਅ ਵਿੱਚ ਸਹਿਮਤੀ ਦੇ ਦਿੱਤੀ ਸੀ। ਯੁਜੇਨਿਕਸ ਕਾਨੂੰਨ ਹੇਠ ਮਾਨਸਿਕ ਰੂਪ ਤੋਂ ਅਸਥਿਰ, ਬਿਮਾਰ ਅਤੇ ਜੀਨ ਦੇ ਨੁਕਸ ਵਾਲੇ ਲੋਕਾ ਦਾ ਇਸ ਪ੍ਰਕਿਰਿਆ 'ਚੋਂ ਲੰਘਣਾ ਜ਼ਰੂਰੀ ਕੀਤਾ ਗਿਆ ਸੀ ਤਾਂ ਕਿ ਆਉਣ ਵਾਲੀ ਪੀੜ੍ਹੀ ਵਿੱਚ ਇਹ ਨੁਕਸ ਨਾ ਹੋਵੇ ਅਤੇ ਨਾਲ ਮਾਂ ਦੀ ਸਿਹਤ ਨੂੰ ਨੁਕਸਾਨ ਨਾ ਪਹੁੰਚੇ। ਜਰਮਨੀ ਅਤੇ ਸਵੀਡਨ ਵਿੱਚ ਵੀ ਇਸ ਤਰ੍ਹਾਂ ਦੀ ਵਿਵਸਥਾ ਸੀ। ਬਾਅਦ ਵਿੱਚ ਉਨ੍ਹਾਂ ਨੇ ਪੀੜਤਾਂ ਤੋਂ ਮੁਆਫੀ ਮੰਗ ਕੇ ਉਨ੍ਹਾਂ ਨੂੰ ਮੁਆਵਜ਼ਾ ਦਿੱਤਾ ਸੀ। ਜਾਪਾਨ ਨੇ ਪਿੱਛੇ ਜਿਹੇ ਸਪੱਸ਼ਟ ਕੀਤਾ ਸੀ ਕਿ ਉਸ ਸਮੇਂ ਨਸਬੰਦੀ ਗੈਰ ਕਾਨੂੰਨੀ ਨਹੀਂ ਸੀ, ਪਰ ਪੀੜਤਾਂ ਦੇ ਲਗਾਤਾਰ ਪ੍ਰਦਰਸ਼ਨ ਦੇ ਕਾਰਨ ਸਰਕਾਰ ਦਬਾਅ ਹੇਠ ਸੀ, ਇਸ ਲਈ ਉਸ ਨੂੰ ਫੈਸਲਾ ਲੈਣਾ ਹੀ ਪਿਆ।

## ਈ-ਸਿਗਰਟ ਵਿੱਚ ਅਸਥਮਾ ਪੈਦਾ ਕਰਦੀ ਹੈ

ਨਿਊਯਾਰਕ, 25 ਅਪ੍ਰੈਲ (ਪੋਸਟ ਬਿਊਰੋ)- ਇਲੈਕਟ੍ਰਾਨਿਕ ਸਿਗਰੇਟ, ਜਿਸ ਨੂੰ ਲੋਕਪ੍ਰਿਅ ਰੂਪ ਨਾਲ ਈ-ਸਿਗਰਟ ਦੇ ਰੂਪ ਵਿੱਚ ਜਾਣਿਆ ਜਾਂਦਾ ਹੈ, ਵਿੱਚ ਅਸਥਮਾ, ਫੇਫੜਿਆਂ ਵਿੱਚ ਸੋਜ ਤੇ ਕਾਰਜ ਸਮਰੱਥਾ ਵਿੱਚ ਕਮੀ ਲਿਆਉਣ ਸਮੇਤ ਬਹੁਤ ਸਾਰੀਆਂ ਸਿਹਤ ਸਮੱਸਿਆਵਾਂ ਨਾਲ ਜੁੜੇ ਸੂਖਮ ਜੀਵਾਣੂ ਸ਼ਾਮਲ ਹੋ ਸਕਦੇ ਹਨ। ਇਕ ਨਵੇਂ ਅਧਿਐਨ ਵਿੱਚ ਹਾਰਵਰਡ ਯੂਨੀਵਰਸਿਟੀ ਦੇ ਖੋਜਕਰਤਾਵਾਂ ਨੇ ਅਮਰੀਕਾ ਵਿੱਚ ਵੇਚੇ ਜਾਣ ਵਾਲੇ 75 ਲੋਕਪ੍ਰਿਅ ਈ-ਸਿਗਰਟ ਉਤਪਾਦਾਂ ਜਿਵੇਂ ਈ-ਲਿਕੁਇਡ, ਰਿਫਿਲ ਕਰਨ ਯੋਗ ਸਮੱਗਰੀ ਦੀ ਜਾਂਚ ਕੀਤੀ ਗਈ। ਜਰਨਲ ਇਨਵਾਇਰਮੈਂਟਲ ਹੈਲਥ ਪਰਸਪੈਕਿਟਵਸ ਵਿੱਚ ਪ੍ਰਕਾਸ਼ਿਤ ਹੋਏ ਨਤੀਜੇ ਵਿੱਚ ਦੱਸਿਆ ਗਿਆ ਕਿ ਇਨ੍ਹਾਂ ਉਤਪਾਦਾਂ 'ਚੋਂ 27 ਪ੍ਰਤੀਸ਼ਤ ਵਿੱਚ ਐਂਡੋਟਾੱਕਿਸਨ ਪਾਏ ਗਏ ਜੋ ਅਸਥਮਾ ਲਈ ਦੋਸ਼ੀ ਹੁੰਦੇ ਹਨ। ਹਾਰਵਰਡ ਯੂਨੀਵਰਸਿਟੀ ਦੇ ਪ੍ਰੋਫੈਸਰ ਤੇ ਸੀਨੀਅਰ ਅਧਿਐਨ ਲੇਖਕ ਡੇਵਿਡ ਕ੍ਰਿਸ਼ਚੀਅਨ ਨੇ ਕਿਹਾ ਕਿ ਈ-ਸਿਗਰਟ ਉਤਪਾਦਾਂ ਵਿੱਚ ਜ਼ਹਿਰੀਲੇ ਪਦਾਰਥਾਂ ਨੂੰ ਲੱਭਣ ਨਾਲ ਗ੍ਰਾਹਕਾਂ ਵਿੱਚ ਦੂਸ਼ਿਤ ਪ੍ਰਭਾਵਾਂ ਦੀ ਸਮਰੱਥਾ ਦੇ ਬਾਰੇ ਚਿੰਤਾਵਾਂ ਵਧ ਗਈਆਂ ਹਨ।

## ਪੁਤਿਨ ਤੇ ਕਿਮ ਜੋਂਗ ਉਨ ਪਹਿਲੀ ਵਾਰ ਆਹਮੋ ਸਾਹਮਣੇ ਬੈਠੇ




ਵਲਾਦੀਵੋਸਤਕ, 25 ਅਪ੍ਰੈਲ (ਪੋਸਟ ਬਿਊਰੋ)- ਉੱਤਰੀ ਕੋਰੀਆ ਦੇ ਸਾਰਿਆਂ ਤੋਂ ਵੱਡੇ ਨੇਤਾ ਕਿਮ ਜੋਂਗ ਉਨ ਤੇ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਵੀਰਵਾਰ ਪਹਿਲੀ ਵਾਰ ਆਹਮੋ ਸਾਹਮਣੇ ਬੈਠ ਕੇ ਗੱਲ ਕੀਤੀ। ਇਸ ਬੈਠਕ ਪਿੱਛੇ ਇਹ ਮਕਸਦ ਮੰਨਿਆ ਜਾ ਰਿਹਾ ਹੈ ਕਿ ਉੱਤਰੀ ਕੋਰੀਆ ਦੇ ਐਟਮੀ ਮਸਲੇ ਦਾ ਹੱਲ ਕੱਢਣ ਲਈ ਅਮਰੀਕਾ ਇਕੋ ਇਕ ਸ਼ਕਤੀ ਨਹੀਂ ਰਹਿ ਗਿਆ ਹੈ, ਇਸ ਵਿੱਚ ਰੂਸ ਵੀ ਦਖਲ ਦੇ ਸਕਦਾ ਹੈ।

ਵਰਨਣ ਯੋਗ ਹੈ ਕਿ ਕਿਮ ਜੋਂਗ ਉਨ ਦੀ ਕਰੀਬ ਦੋ ਮਹੀਨੇ ਪਹਿਲਾਂ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਦੂਜੀ ਵਾਰ ਸਿਖਰ ਵਾਰਤਾ ਹੋਈ ਸੀ, ਪਰ ਪਾਬੰਦੀਆਂ ਹਟਾਉਣ ਦੀ ਮੰਗ ਉੱਤੇ ਨਾਕਾਮ ਹੋ ਗਈ ਸੀ। ਇਸ ਮਗਰੋਂ ਕਿਮ ਨੇ ਸਹਿਯੋਗ ਦੀ ਆਸ ਵਿੱਚ ਰੂਸ ਦਾ ਰੁਖ਼ ਕੀਤਾ। ਪੁਤਿਨ ਤੇ ਕਿਮ ਦੀ ਸਿਖਰ ਵਾਰਤਾ ਰੂਸ ਦੇ ਬੰਦਰਗਾਹ ਸ਼ਹਿਰ ਵਲਾਦੀਵੋਸਤਕ ਵਿੱਚ ਹੋਈ ਤੇ ਪਹਿਲੇ ਸੈਸ਼ਨ ਵਿੱਚ ਦੋਵੇਂ ਨੇਤਾਵਾਂ ਨੇ ਕੁਝ ਸਹਿਯੋਗੀਆਂ ਦੀ ਮੌਜੂਦਗੀ ਵਿੱਚ ਗੱਲਬਾਤ ਕੀਤੀ। ਇਹ ਸੈਸ਼ਨ ਕਰੀਬ 50 ਮਿੰਟ ਚੱਲਿਆ। ਦੂਜੇ ਸੈਸ਼ਨ ਤੋਂ ਪਹਿਲਾਂ ਪੁਤਿਨ ਨੇ ਪੱਤਰਕਾਰਾਂ ਨੂੰ ਕਿਹਾ, 'ਮੈਂ ਅਤੇ ਉੱਤਰੀ ਕੋਰੀਆ ਦੇ ਨੇਤਾ ਨੇ ਐਟਮੀ ਗੱਲਬਾਤ ਵਿੱਚ ਰੇੜਕੇ ਸਮੇਤ ਕਈ ਮਸਲਿਆਂ ਉੱਤੇ ਖੁੱਲ੍ਹੀ ਗੱਲ ਕੀਤੀ ਹੈ। ਅਸੀਂ ਯਕੀਨਨ ਕੋਰੀਆਈ ਖਿੱਤੇ ਦੇ ਹਾਲਾਤ ਉਤੇ ਗੱਲਬਾਤ ਕੀਤੀ ਅਤੇ ਇਸ ਬਾਰੇ ਵਿਚਾਰ ਵਟਾਂਦਰਾ ਕੀਤਾ ਕਿ ਹਾਲਾਤ ਬਿਹਤਰ ਕਰਨ ਲਈ ਕੀ ਕਰ ਸਕਦੇ ਹਾਂ।

ਆਪਣੀ ਖ਼ਾਸ ਬਖਤਰਬੰਦ ਟ੍ਰੇਨ ਵਿੱਚ ਵਲਾਦੀਵੋਸਤਕ ਪਹੁੰਚੇ ਕਿਮ ਨੇ ਕਿਹਾ, 'ਕੋਰੀਆਈ ਖਿੱਤੇ ਦੇ ਮਾਮਲੇ ਵਿੱਚ ਪੂਰੀ ਦੁਨੀਆ ਦੀ ਦਿਲਚਸਪੀ ਹੈ। ਮੈਂ ਪੁਤਿਨ ਨੂੰ ਨਿੱਜੀ ਤੌਰ ਉੱਤੇ ਮਿਲਣ ਆਇਆ ਹਾਂ'। ਪੁਤਿਨ ਦਾ ਵਾਰਤਾਵਾਂ ਵਿੱਚ ਵਿਸ਼ਵ ਨੇਤਾਵਾਂ ਨੂੰ ਇੰਤਜ਼ਾਰ ਕਰਾਉਣ ਦਾ ਰਿਕਾਰਡ ਚੰਗਾ ਨਹੀਂ, ਪਰ ਕਿਮ ਨੂੰ ਮਿਲਣ ਲਈ ਉਹ ਵਾਰਤਾ ਸਥਾਨ ਉੱਤੇ ਕਰੀਬ ਅੱਧਾ ਘੰਟਾ ਪਹਿਲਾਂ ਪਹੁੰਚ ਗਏ। ਪੁਤਿਨ ਤੇ ਕਿਮ ਦੀ ਪਹਿਲੀ ਵਾਰਤਾ ਵਲਾਦੀਵੋਸਤਕ ਦੇ ਯੂਨੀਵਰਸਿਟੀ ਕੈਂਪਸ ਵਿੱਚ ਹੋਈ ਅਤੇ ਵਾਰਤਾ ਸਥਾਨ ਦੇ ਬਾਹਰ ਜਦੋਂ ਦੋਵੇਂ ਨੇਤਾਵਾਂ ਦਾ ਪਹਿਲੀ ਵਾਰੀ ਆਹਮੋ-ਸਾਹਮਣਾ ਹੋਇਆ ਤਾਂ ਦੋਵਾਂ ਨੇ ਮੁਸਕਰਾ ਕੇ ਹੱਥ ਮਿਲਾਏ। ਅਮਰੀਕਾ ਨਾਲ ਵਾਰਤਾ ਵਿੱਚ ਰੇੜਕੇ ਦੇ ਬਾਅਦ ਕਿਮ ਪਹਿਲੇ ਵਿਦੇਸ਼ ਦੌਰੇ ਉੱਤੇ ਆਏ ਹਨ। ਸਮਝਿਆ ਜਾਂਦਾ ਹੈ ਕਿ ਉਹ ਅਮਰੀਕੀ ਤੇ ਸੰਸਾਰ ਪਾਬੰਦੀਆਂ ਤੋਂ ਰਾਹਤ ਲਈ ਰੂਸ ਤੋਂ ਮਦਦ ਮੰਗ ਸਕਦੇ ਹਨ ਪਰ ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਇਸ ਬਾਰੇ ਉਨ੍ਹਾਂ ਨੂੰ ਨਿਰਾਸ਼ਾ ਮਿਲ ਸਕਦੀ ਹੈ ਕਿਉਂਕਿ ਰੂਸ ਇਹ ਵਚਨ ਦੇ ਚੁੱਕਾ ਹੈ ਕਿ ਉੱਤਰੀ ਕੋਰੀਆ ਜਦੋਂ ਤਕ ਐਟਮੀ ਪ੍ਰੋਗਰਾਮ ਬੰਦ ਨਹੀਂ ਕਰਦਾ, ਓਦੋਂ ਤੱਕ ਪਾਬੰਦੀਆਂ ਨੂੰ ਰਹਿਣਗੀਆਂ।

## ਅਮਰੀਕਾ ਦੇ ਸਾਬਕਾ ਉਪ ਰਾਸ਼ਟਰਪਤੀ ਜੋ ਬਿਡੇਨ ਇਸ ਵਾਰ ਰਾਸ਼ਟਰਪਤੀ ਚੋਣ ਲੜਨਗੇ

ਵਾਸ਼ਿੰਗਟਨ, 25 ਅਪ੍ਰੈਲ (ਪੋਸਟ ਬਿਊਰੋ)- ਅਮਰੀਕਾ ਦੇ ਸਾਬਕਾ ਉਪ ਰਾਸ਼ਟਰਪਤੀ ਜੋ ਬਿਡੇਨ ਸਾਲ 2020 ਵਿਚ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ਲੜਨਗੇ। ਇਸ ਮਕਸਦ ਲਈ ਉਨ੍ਹਾਂ ਨੇ ਰਸਮੀ ਰੂਪ ਨਾਲ ਡੈਮੋਕ੍ਰੇਟਿਕ ਦਾਅਵੇਦਾਰ ਦੇ ਰੂਪ ਵਿਚ ਆਪਣੀ ਉਮੀਦਵਾਰੀ ਦਰਜ ਕਰਾ ਦਿੱਤੀ ਹੈ। ਜੋ ਬਿਡੇਨ ਮੌਜੂਦਾ ਉਮੀਦਵਾਰਾਂ ਵਿਚ ਸਭ ਤੋਂ ਵੱਧ ਤਜਰਬੇਕਾਰ ਅਤੇ ਸਾਰੇ ਭਾਈਚਾਰਿਆਂ ਵਿਚ ਹਰਮਨ ਪਿਆਰੇ ਹਨ।



76 ਸਾਲਾ ਸਾਬਕਾ ਉਪ ਰਾਸ਼ਟਰਪਤੀ ਜੋ ਬਿਡੇਨ ਨੇ ਵੀਰਵਾਰ ਸਵੇਰੇ ਟਵਿੱਟਰ ਉੱਤੇ ਪੋਸਟ ਕੀਤੇ 3.30 ਮਿੰਟ ਦੇ ਵੀਡੀਓ ਵਿਚ ਵਿਸ਼ੇਸ਼ ਰੂਪ ਨਾਲ ਮੱਧਮ ਵਰਗ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਉਹ ਸਭ ਕੁਝ ਦਾਅ ਉਤੇ ਹੈ, ਜਿਸ ਨੇ ਅਮਰੀਕਾ ਨੂੰ ਅਮਰੀਕਾ ਬਣਾਇਆ ਸੀ। ਇਹੀ ਕਾਰਨ ਹੈ ਕਿ ਅੱਜ ਮੈਂ ਅਮਰੀਕਾ ਦੇ ਰਾਸ਼ਟਰਪਤੀ ਵਾਲੇ ਅਹੁਦੇ ਲਈ ਆਪਣੀ ਉਮੀਦਵਾਰੀ ਦਾ ਐਲਾਨ ਕਰ ਰਿਹਾ ਹਾਂ। ਅਮਰੀਕਾ ਦੇ ਰਾਸ਼ਟਰਪਤੀ ਦੀ ਚੋਣ ਦੌੜ ਵਿਚ ਅੱਜ ਤਕ 20 ਤੋਂ ਵੱਧ ਨਾਂ ਜੁੜ ਚੁੱਕੇ ਹਨ। ਇਨ੍ਹਾਂ ਵਿਚ ਵੇਰਮਾਂਟ ਸੇਨ, ਬਰਨੀ ਸੈਂਡਰਸ ਅੱਗੇ ਚੱਲ ਰਹੇ ਹਨ। ਬਿਡੇਨ ਇਨ੍ਹਾਂ ਉਮੀਦਵਾਰਾਂ ਵਿਚ ਸਭ ਤੋਂ ਵੱਧ ਤਜਰਬੇਕਾਰ ਹਨ। ਉਹ ਬਰਾਕ ਓਬਾਮਾ ਨਾਲ ਉਪ ਰਾਸ਼ਟਰਪਤੀ ਵਜੋਂ ਅੱਠ ਸਾਲ ਕੰਮ ਕਰ ਚੁੱਕੇ ਹਨ ਅਤੇ ਉਹ ਅਮਰੀਕੀ ਸੈਨੇਟ ਵਿਚ ਤਿੰਨ ਦਹਾਕਿਆਂ ਦਾ ਸਮਾਂ ਬਿਤਾ ਚੁੱਕੇ ਹਨ। ਉਹ ਡੈਮੋਕ੍ਰੇਟਾਂ ਵਿਚਾਲੇ ਕਾਫ਼ੀ ਹਰਮਨ ਪਿਆਰੇ ਹਨ, ਪਰ ਡੋਨਾਲਡ ਟਰੰਪ ਨੂੰ ਫ਼ਾਇਦਾ ਦੇਣ ਵਾਲੀ ਤੱਤਕਾਲੀ ਸਰਕਾਰ ਵਿਰੋਧੀ ਲਹਿਰ ਦਾ ਉਹ ਵੀ ਸ਼ਿਕਾਰ ਹੋ ਚੁੱਕੇ ਹਨ ਜਿਹੜੇ ਬਿਡੇਨ ਦੀ ਟੀਮ ਉਨ੍ਹਾਂ ਦੀ ਚੋਣ ਫੰਡ ਇਕੱਠਾ ਕਰਨ ਦੀ ਸਮਰੱਥਾ ਅਤੇ ਅਣਜਾਣੇ ਵਿਚ ਗ਼ਲਤੀਆਂ ਕਰ ਜਾਣ ਦੀ ਆਦਤ ਬਾਰੇ ਚਿੰਤਤ ਹਨ। ਬਿਡੇਨ ਦਾ ਕਹਿਣਾ ਹੈ ਕਿ ਉਹ ਆਪਣਾ ਚੋਣ ਪ੍ਰਚਾਰ ਓਬਾਮਾ-ਬਿਡੇਨ ਡੈਮੋਕ੍ਰੇਟ ਦੇ ਰੂਪ ਵਿਚ ਕਰਨਗੇ। ਉਹ ਆਪਣੇ ਵਰਕਿੰਗ ਕਲਾਸ ਵੋਟਰਾਂ ਤੇ ਬਰਾਕ ਓਬਾਮਾ ਦੇ ਸਮਰਥਕਾਂ ਉੱਤੇ ਨਿਰਭਰ ਹਨ।

## ਅੱਤਵਾਦੀ ਚਿਹਰੇ ਦਾ ਪਰਦਾ ਫਾਸ਼ ਕਰ ਕੇ ਫਸ ਗਏ ਇਮਰਾਨ

ਇਸਲਾਮਾਬਾਦ, 25 ਅਪ੍ਰੈਲ (ਪੋਸਟ ਬਿਊਰੋ)- ਈਰਾਨ ਵਿੱਚ ਅੱਤਵਾਦੀ ਹਮਲਿਆਂ ਲਈ ਪਾਕਿਸਤਾਨ ਦੀ ਜ਼ਮੀਨ ਦੀ ਵਰਤੋਂ ਕੀਤੀ ਗਈ ਸੀ। ਤਹਿਰਾਨ 'ਚ ਅਧਿਕਾਰਤ ਤੌਰ 'ਤੇ ਇਮਰਾਨ ਦੇ ਇਸ ਕਬੂਲਨਾਮੇ ਪਿੱਛੋਂ ਪਾਕਿਸਤਾਨ ਦੀ ਸੰਸਦ ਵਿੱਚ ਹੰਗਾਮਾ ਮੱਚ ਗਿਆ। ਬੀਤੇ ਦਿਨੀਂ ਕੌਮੀ ਅਸੈਂਬਲੀ ਵਿੱਚ ਵਿਰੋਧੀ ਧਿਰ ਨੇ ਇਮਰਾਨ ਖਾਨ 'ਤੇ ਇਸ ਬਿਆਨ ਬਾਰੇ ਹਮਲਾ ਬੋਲਿਆ ਅਤੇ ਕਾਰਵਾਈ ਵਿੱਚ ਵਿਘਨ ਪਾਇਆ।

ਪਾਕਿਸਤਾਨ ਮੁਸਲਿਮ ਲੀਗ ਨਵਾਜ਼ (ਪੀ ਐਮ ਐਲ-ਐਨ) ਦੇ ਆਗੂ ਖੁਰਮ ਦਸਤਗੀਰ ਖਾਨ ਨੇ ਇਸ ਮਕਸਦ ਬਾਰੇ ਪਾਰਲੀਮੈਂਟ ਵਿੱਚ ਈਰਾਨ ਵਿੱਚ ਇਮਰਾਨ ਖਾਨ ਦੇ ਬਿਆਨ ਦਾ ਮੁੱਦਾ ਚੁੱਕਿਆ। ਉਨ੍ਹਾਂ ਕਿਹਾ ਕਿ ਅੱਜ ਤੱਕ ਕਿਸੇ ਵੀ ਪ੍ਰਧਾਨ ਮੰਤਰੀ ਨੇ ਵਿਦੇਸ਼ੀ ਧਰਤੀ ਉੱਤੇ ਜਾ ਕੇ ਇਸ ਤਰ੍ਹਾਂ ਦੇ ਕਬੂਲਨਾਮੇ ਨਹੀਂ ਕੀਤੇ। ਖੁਰਮ ਨੇ ਚਿੰਤਾ ਪ੍ਰਗਟ ਕਰਦੇ ਹੋਏ ਕਿਹਾ ਕਿ ਕੌਮਾਂਤਰੀ ਕਰੰਸੀ ਫੰਡ ਪਹਿਲੇ ਹੀ ਇਸਲਾਮਾਬਾਦ ਨੂੰ ਬੇਲਆਊਟ ਪੈਕੇਜ ਦੇਣ ਤੋਂ ਪਹਿਲੇ ਫਾਇਨੈਂਸ਼ੀਅਲ ਐਕਸ਼ਨ ਟਾਸਕ ਫੋਰਸ (ਐਫ ਏ ਟੀ ਐਫ) ਦੀ ਰਿਪੋਰਟ ਦੀ ਜਾਂਚ ਕਰ ਰਿਹਾ ਹੈ। ਏਦਾਂ ਦੇ ਬਿਆਨ ਨਾਲ ਸੰਸਾਰ ਵਿੱਚ ਪਾਕਿਸਤਾਨ ਦੀਆਂ ਨੀਤੀਆਂ ਦਾ ਜਲੂਸ ਨਿਕਲ ਰਿਹਾ ਹੈ। ਉਨ੍ਹਾਂ ਕਿਹਾ ਕਿ ਅਜਿਹਾ ਕਰਕੇ ਪੀ ਐਮ ਨੇ ਵੱਡੀ ਕੂਟਨੀਤਕ ਗਲਤੀ ਕਰ ਦਿੱਤੀ ਹੈ। ਆਪਣੇ ਬਿਆਨਾਂ ਨਾਲ ਉਨ੍ਹਾਂ ਨੇ ਕੌਮੀ ਸੁਰੱਖਿਆ ਨੂੰ ਨੁਕਸਾਨ ਪੁਚਾਇਆ ਹੈ। ਉਨ੍ਹਾਂ ਕਿਹਾ ਕਿ ਵਿਰੋਧੀ ਧਿਰ ਇਮਰਾਨ ਖਾਨ ਨੂੰ 'ਦੇਸ਼ਧ੍ਰੋਹੀ' ਨਹੀਂ ਕਰਾਰ ਦੇ ਰਹੀ, ਪ੍ਰੰਤੂ ਉਨ੍ਹਾਂ ਨੂੰ ਆਪਣੇ ਬਿਆਨ 'ਤੇ ਸਦਨ ਵਿੱਚ ਆ ਕੇ ਸਪੱਸ਼ਟੀਕਰਨ ਦੇਣਾ ਚਾਹੀਦਾ ਹੈ। ਪਾਕਿਸਤਾਨ ਪੀਪਲਜ਼ ਪਾਰਟੀ ਦੀ ਆਗੂ ਅਤੇ ਦੇਸ਼ ਦੀ ਸਾਬਕਾ ਵਿਦੇਸ਼ ਮੰਤਰੀ ਹਿਨਾ ਰੱਬਾਨੀ ਖਾਰ ਨੇ ਵੀ ਇਮਰਾਨ ਖਾਨ ਦੀ ਆਲੋਚਨਾ ਕੀਤੀ।

## ਜਹਾਜ਼ ਦੇ ਖੰਭਾਂ ਵਿੱਚ ਬੈਠ ਗਿਆ ਉੱਲੂ, ਇੰਜੀਨੀਅਰਾਂ ਨੇ ਦੋ ਘੰਟੇ ਬਾਅਦ ਕੱਢਿਆ



ਸਿਡਨੀ, 25 ਅਪ੍ਰੈਲ (ਪੋਸਟ ਬਿਊਰੋ)- ਆਸਟਰੇਲੀਆ ਵਿੱਚ ਮੈਲਬਰਨ ਏਅਰਪੋਰਟ 'ਤੇ ਖੜ੍ਹੇ ਵਰਜਿਨ ਏਅਰਲਾਈਨਸ ਦੇ ਜਹਾਜ਼ 'ਚੋਂ ਇੱਕ ਉੱਲੂ ਨੂੰ ਸੁਰੱਖਿਅਤ ਕੱਢਿਆ ਹੈ। ਇਹ ਪੰਛੀ ਜਹਾਜ਼ ਦੇ ਖੰਭਾਂ ਵਿੱਚ ਬੈਠਾ ਸੀ।

ਇੰਜੀਨੀਅਰਾਂ ਨੇ ਦੱਸਿਆ ਕਿ ਉਹ ਜਹਾਜ਼ ਦੇ ਇੰਜਣ ਨੂੰ ਚੈਕ ਕਰ ਰਹੇ ਸਨ ਤਾਂ ਖੰਭਾਂ 'ਚੋਂ ਕੁਝ ਆਵਾਜ਼ ਆਈ। ਉਥੇ ਜਾ ਕੇ ਦੇਖਿਆ ਤਾਂ ਉਥੇ ਇੱਕ ਉੱਲੂ ਬੈਠਾ ਸੀ। ਉਹ ਖੰਭਾਂ ਦੇ ਕਾਫੀ ਅੰਦਰ ਸੀ। ਇਸ ਲਈ ਉਸ ਨੂੰ ਕੱਢਣ ਵਿੱਚ ਕਰੀਬ ਦੋ ਘੰਟੇ ਦਾ ਸਮਾਂ ਲੱਗਾ। ਇੰਜੀਨੀਅਰਾਂ ਨੇ ਦੱਸਿਆ, ਉਨ੍ਹਾਂ ਨੂੰ ਡਰ ਸੀ ਕਿ ਉਲੂ ਦੇ ਕਾਰਨ ਉਥੇ ਕੋਈ ਗੜਬੜ ਨਾ ਹੋਈ ਹੋਵੇ, ਇਸ ਲਈ ਖੰਭਾਂ ਨੂੰ ਖੋਲ੍ਹ ਕੇ ਉਸ ਦੀ ਜਾਂਚ ਪੜਤਾਲ ਕੀਤੀ ਗਈ। ਉਨ੍ਹਾਂ ਨੇ ਕਿਹਾ ਕਿ ਉਲੂ ਨੂੰ ਸਹੀ ਸਮੇਂ 'ਤੇ ਕੱਢ ਲਿਆ ਗਿਆ। ਜੇ ਉਡਾਣ ਦੌਰਾਨ ਉਹ ਖੰਭਾਂ ਵਿੱਚ ਬੈਠਾ ਰਹਿੰਦਾ ਤਾਂ ਵੱਡਾ ਹਾਦਸਾ ਹੋ ਸਕਦਾ ਸੀ। ਇਸ ਨੂੰ ਲੈ ਕੇ ਵਰਜਿਨ ਏਅਰਲਾਈਨ ਦੇ ਮਾਲਕ ਰਿਚਰਡ ਬ੍ਰੈਨਸਨ ਨੇ ਵੀ ਟਵੀਟ ਕੀਤਾ ਹੈ।

## ਸ੍ਰੀਲੰਕਾ ਸਰਕਾਰ ਨੇ ਖੁਫੀਆ ਤੰਤਰ ਦੀ ਕੋਤਾਹੀ ਕਬੂਲੀ


ਕੋਲੰਬੋ, 25 ਅਪ੍ਰੈਲ (ਪੋਸਟ ਬਿਊਰੋ)- ਸ੍ਰੀਲੰਕਾ ਸਰਕਾਰ ਨੇ ਈਸਟਰ ਮੌਕੇ ਐਤਵਾਰ ਨੂੰ ਹੋਏ ਲੜੀਵਾਰ ਬੰਬ ਧਮਾਕਿਆਂ ਲਈ ਖੁਫੀਆ ਤੰਤਰ 'ਚ ਕੋਤਾਹੀ ਕਬੂਲ ਲਈ ਹੈ। ਪੁਲਸ ਮੁਤਾਬਕ ਹਮਲਾ ਕਰਨ ਵਾਲੇ 9 ਫਿਦਾਈਨਾਂ 'ਚੋਂ ਇਕ ਮਹਿਲਾ ਵੀ ਸੀ, ਜਦ ਕਿ ਹਾਲੇ ਤੱਕ ਹਮਲੇ ਦੇ ਸਬੰਧ 'ਚ 60 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ।

ਉਧਰ ਮ੍ਰਿਤਕਾਂ ਦੀ ਗਿਣਤੀ ਵੱਧ ਕੇ 359 ਹੋ ਗਈ ਹੈ। ਸਰਕਾਰ ਨੇ ਸੰਕੇਤ ਦਿੱਤੇ ਹਨ ਕਿ ਹਮਲੇ ਸਬੰਧੀ ਖੁਫੀਆ ਸੂਹ ਮਿਲਣ ਦੇ ਬਾਵਜੂਦ ਕੋਈ ਇਹਤਿਆਤੀ ਕਦਮ ਨਾ ਚੁੱਕੇ ਜਾਣ ਕਰਕੇ ਕਈ ਅਧਿਕਾਰੀਆਂ ਦੇ ਅਸਤੀਫੇ ਲਏ ਜਾ ਸਕਦੇ ਹਨ। ਰਾਸ਼ਟਰਪਤੀ ਮੈਤਰੀਪਾਲ ਸਿਰੀਸੇਨਾ ਨੇ ਭਰੋਸਾ ਦਿੱਤਾ ਕਿ ਉਹ ਅੱਤਵਾਦ ਨੂੰ ਨੱਥ ਪਾਉਣ ਅਤੇ ਮੁਲਕ 'ਚ ਹਾਲਾਤ ਤੇਜ਼ੀ ਨਾਲ ਆਮ ਵਰਗੇ ਬਣਾਉਣ ਲਈ ਕਦਮ ਉਠਾਉਣਗੇ। ਉਨ੍ਹਾਂ ਰੱਖਿਆ ਸਕੱਤਰ ਤੇ ਮੁਲਕ ਦੇ ਪੁਲਸ ਮੁਖੀ ਨੂੰ ਅਸਤੀਫੇ ਦੇਣ ਲਈ ਕਿਹਾ ਹੈ।

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
$1,000
Services:
- Complete Basement
- Tiles
- Bathrooms
- Plumbing
- Laminate
- Hardwood Floor
- Painting
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

## ਨੋਟਰੇ ਡਾਮ ਚਰਚ ਦੀ ਮੁਰੰਮਤ ਕਰਦੇ ਕਾਰੀਗਰ ਸਿਗਰਟਨੋਸ਼ੀ ਵੀ ਕਰਦੇ ਰਹੇ

ਪੈਰਿਸ, 25 ਅਪ੍ਰੈਲ (ਪੋਸਟ ਬਿਊਰੋ)- ਪਿਛਲੇ ਦਿਨੀਂ ਭਿਆਨਕ ਅੱਗ ਨਾਲ ਲੱਗਣ ਤਬਾਹ ਹੋ ਗਏ ਇਤਿਹਾਸਕ ਨੋਟਰੇ ਡਾਮ ਕੈਥੇਡਰਲ ਚਰਚ ਦੀ ਮੁਰੰਮਤ ਕਰਦੇ ਕਾਰੀਗਰ ਉਸ ਦੇ ਅੰਦਰ ਸਿਗਰਟਨੋਸ਼ੀ ਕਰਦੇ ਸਨ। ਕੱਲ੍ਹ ਇਕ ਠੇਕੇਦਾਰ ਨੇ ਇਸ ਦੀ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਚਰਚ ਵਿੱਚ ਅੱਗ ਲੱਗਣ 'ਚ ਇਸ ਦੀ ਭੂਮਿਕਾ ਨਹੀਂ ਸੀ।



ਜ਼ਿਕਰ ਯੋਗ ਹੈ ਕਿ ਬੀਤੀ 15 ਮਈ ਨੂੰ ਰਾਜਧਾਨੀ ਪੈਰਿਸ ਵਿੱਚ 12ਵੀਂ ਸਦੀ ਦਾ ਇਹ ਚਰਚ ਭਿਆਨਕ ਅੱਗ 'ਚ ਤਬਾਹ ਹੋ ਗਿਆ ਸੀ। ਅੱਗ ਨਾਲ ਚਰਚ ਦੀ ਪੂਰੀ ਛੱਤ ਤੇ ਮੀਨਾਰਾਂ ਤਬਾਹ ਹੋ ਗਈਆਂ ਸਨ। ਚਰਚ ਦਾ ਜ਼ਿਆਦਾਤਰ ਹਿੱਸਾ ਲੱਕੜ ਨਾਲ ਬਣਿਆ ਸੀ, ਇਸ ਲਈ ਉਸ ਦੇ ਅੰਦਰ ਸਿਗਰਟਨੋਸ਼ੀ ਕਰਨ ਦੀ ਮਨਾਹੀ ਸੀ। ਚਰਚ ਦੀ ਮੁਰੰਮਤ ਕਰਵਾ ਰਹੀ ਕੰਪਨੀ ਲੀ ਬ੍ਰਾਸ ਫੈਰੀਜ ਦੇ ਬੁਲਾਰੇ ਮਾਰਕ ਐਸਕੇਨਾਜੀ ਨੇ ਕਿਹਾ, 'ਕੁਝ ਮੁਲਾਜ਼ਮ ਨਿਯਮ ਤੋੜ ਕੇ ਉਥੇ ਸਿਗਰਟਨੋਸ਼ੀ ਕਰਦੇ ਸਨ। ਸਾਨੂੰ ਇਸ ਦਾ ਦੁੱਖ ਹੈ।' ਮਾਰਕ ਨੇ ਸਿਗਰਟ ਨਾਲ ਅੱਗ ਲੱਗਣ ਦੀ ਗੱਲ ਨੂੰ ਰੱਦ ਕਰ ਦਿੱਤਾ। ਉਨ੍ਹਾਂ ਕਿਹਾ ਕਿ ਜਿਹੜੇ ਲੋਕ ਘਰ ਦੇ ਅੰਦਰ ਸਿਗਰਟ ਪੀਂਦੇ ਹਨ, ਉਹ ਚੰਗੀ ਤਰ੍ਹਾਂ ਜਾਣਦੇ ਹਨ ਕਿ ਅੱਗ ਉਸ ਨਾਲ ਨਹੀਂ ਲੱਗ ਸਕਦੀ। ਜ਼ਿਕਰ ਯੋਗ ਹੈ ਕਿ ਯੂਰਪ ਦੇ ਸਭ ਤੋਂ ਪ੍ਰਮੁੱਖ ਸੈਰ ਸਪਾਟਾ ਸਥਾਨ ਵਿੱਚੋਂ ਇਕ ਨੋਟਰੇ ਡਾਮ ਚਰਚ 'ਚ ਅੱਗ ਲੱਗਣ ਦੇ ਕਾਰਨਾਂ ਦਾ ਹਾਲੇ ਤੱਕ ਪਤਾ ਨਹੀਂ ਲੱਗ ਸਕਿਆ ਹੈ।

Honesty, Reliability, Commitment
Hira Randhawa
Broker
HomeLife SilverCity
- 1 yr Home Warranty
- 40% Discount on Brand Name
- Appliances & Furniture
- Free Evaluation & Lowest Commission
www.hirarandhawa.com
hirarandhawa@yahoo.ca
"OPEN HOUSE UNTIL SOLD"
For all your Real Estate needs: 416.319.0551 or 905.913.8585

| $679,000 | $699,000 | $778,900 | $789,000 |
|---|---|---|---|
| William Prkwy/Chinguacouasy | Morning Star/Airport | Charolais & Chinguacouasy | Chinguacousy/Drinkwater |
| All Brick Semi-Detached House In The Most Popular Credit Valley Area. No Carpet In-House, Very Clean, No House Behind, Property Is Not To Be Missed. Close To School Plaza, Transit, Go Station And Parks. | Great Opportunity For 1st Time Buyers. $$$ Upgrades Newly Renovated W/ Granite Counter Top, S/S Appliances, Close To School, 421/401, Westwood Mall, 2 Basement Apartment. One Br & 2 Br Each W/ Separate Entrance. Potential Income $1800/Month From Bsmnt. | Renovated Bungalow. 3 Good Size Bedrooms Plus Den And 2 Bedroom Finished Basement With Separate Entrance Equipped With Appliances, New Kitchen + New Bathrooms + New Hardwood Very Close To Hwy, Downtown. | Spacious Detached 4 Bedrm Home Nestled In A Beautiful Neighbourhood. Freshly Painted, Laminate Flooring, No Carpet In The House. Furnace (2016), Most Of The Windows (2016), Master Bedroom W/I Closet And An Ensuite... |

Call For:
RESP, SUPER -VISA,& TRAVEL
Insurance
H.Randhawa
416-319-0551

FIRST CHOICE FINANCIAL LIMITED
TRUCK LOANS
ਟੱਰਕ ਲੋਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada
For more Information Contact
Rajdeep: 647.707.4167
Office: 905.678.2424

MICHELIN Hankook Continental ROADLUX BFGoodrich AEOLUS COMPASAL
BEST TRUCK REPAIR & TIRE CENTRE
We also Specialize in Engine, Transmission, Differential Rebuild, Safety Inspection & All Kinds of Electric Work
ਟਰੱਕਾਂ ਦੇ ਟਾਇਰਾਂ ਤੇ ਭਾਰੀ ਸੇਲ
7 ਦਿਨ ਖੁੱਲ੍ਹਾ
SPECIAL ON TRUCK ALIGNMENT
BRAND NEW MACHINES 2018
Brake & Drum -Made in U.S - On Special Sale!
Special Sale 4 CAT Batteries $550 with Installation
Special Sale on Smartway Approved Tires $245 each
www.besttruckrepairandtire.ca | Email: ranjitbesttruck@yahoo.ca
Winter Sale Dhamaka
Chevron Delo
Special OIL CHANGE Rates
1715 Sismet Rd, Mississauga | Call Ranjit: 416.624.8351 | Tel: 905.625.0055

# ASIAN FOOD CENTRE



## SERVING FROM 10 LOCATIONS IN ALL THE GTA AREA:

1. 621 Wanless drive unit 122 Brampton ON L7A 0A9 ........... 905-495-3336
2. 80 Pertosa Drive Brampton ON L5X-5E9 ........... 905-460-0009
3. 2120 North park drive Brampton ON L6S 0C9 ........... 905-793-1338
4. 284 Orenda Road #13 Brampton ON L6T 5S3 ........... 905-450-9167
5. 10 Westmore Drive Etobicoke ON M9V-3Z7 ........... 416-740-3262
6. 1075 Ceremonial Drive Mississauga ON L5R-2Z4 ........... 905-502-1600
7. 308 Eddystone Ave North York ON M3N-1H7 ........... 416-740-3360
8. 10510 Torbram Road, Brampton ........... 905-790-0030
9. 10 Pannahill Dr, Brampton ........... 905 913-8017
10. 21 Lacoste Blvd, Brampton, ON L6P 2K2 ........... 905 794-8109






## Matrimonial
ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202


## ਲੜਕੀ ਦੀ ਲੋੜ

ਜੱਟ ਸਿੱਖ ਢਿੱਲੋ ਲੜਕਾ, ਉਮਰ 25 ਸਾਲ, ਕੱਦ 5'-11", ਇੰਡੀਆ ਫਗਵਾੜਾ (ਪੰਜਾਬ) ਵਿੱਚ ਰਹਿੰਦੇ ਲੜਕੇ ਲਈ ਕੇਨੈਡੀਅਨ ਪੀ-ਆਰ ਲੜਕੀ ਜਾਂ ਵੱਰਕ ਪਰਮਿਟ/ਸਟੂਡੈਂਟ ਲੜਕੀ ਦੀ ਲੋੜ ਹੈ। ਪੀ-ਆਰ /Study ਦਾ ਸਾਰਾ ਖਰਚਾ ਲੜਕੇ ਦਾ ਪਰਿਵਾਰ ਕਰੇਗਾ। ਲੜਕੇ ਦਾ ਭਰਾ ਕੇਨੈਡਾ ਵਿੱਚ ਵੇਲ ਸੈਟਲਡ ਹੈ। ਕਾਲ ਕਰੋ: 416-628-6468 ਜਾਂ 01191-94634-85326

ਰਾਮਗੜ੍ਹੀਆ ਕੇਨੈਡੀਅਨ ਸਿਟੀਜ਼ਨ, ਉਮਰ 24 ਸਾਲ, ਕੱਦ 5'-6", Pharmacy Graduate, ਖੁਦ ਆਪਣਾ ਟਰੱਕਿੰਗ ਬਿਜ਼ਨਸ ਚਲਾ ਰਹੇ ਲੜਕੇ ਲਈ ਸੁੰਦਰ ਤੇ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। Send Bio data & Recent photo at whatsapp+1 647-294-1068 or+1 289-242-8681

ਜੱਟ ਸਿੱਖ ਸਰਦਾਰ, ਉਮਰ 26 ਸਾਲ, ਲੰਬਾਈ 5 ਫੁੱਟ 8 ਇੰਚ, B.tech ਪੜ੍ਹਿਆ, ਵੀਜ਼ਿਟਰ ਵਿਜੇ ਤੇ ਆਏ ਲੜਕੇ ਲਈ Student/PR/Citizen ਲੜਕੀ ਦੀ ਲੋੜ ਹੈ। ਲੜਕੇ ਦਾ ਭਰਾ ਕੈਨੇਡਾ ਵਿੱਚ PR ਹੈ। ਸੰਪਰਕ- 289-772-6056, 437-236-5093

ਜੱਟ ਸਿੱਖ ਲੜਕਾ ਉਮਰ 29 ਸਾਲ, ਕੱਦ 6'2", MCOM, MBA & PGDCA ਅੰਮ੍ਰਿਤਧਾਰੀ ਵਿਜ਼ੀਟਰ ਵੀਜ਼ੇ ਤੇ ਆਏ ਲੜਕੇ ਲਈ PR/Citizen/Student ਲੜਕੀ ਦੀ ਲੋੜ ਹੈ । (Student ਦਾ ਖਰਚਾ ਵੀ ਕਰ ਸਕਦੇ ਹਾਂ) ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-643-4154

ਜੱਟ ਸਿੱਖ ਲੜਕਾ, ਉਮਰ 40 ਸਾਲ, ਕੱਦ 5'5", ਫਰਾਂਸ ਸਿਟੀਜ਼ਨ, ਇਕ 19 ਸਾਲਾਂ ਦੀ ਧੀ , ਪਤਨੀ ਦੀ ਮੌਤ ਨੂੰ 3 ਸਾਲ ਹੋ ਗਏ ਹਨ, ਕੈਨੇਡੀਅਨ PR ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 437-770-4806

Khatriboy 5'-7", Age 30 yrs, M.sc. in Mechanical eng. PR in Canada ਲਈ WorkPermit ਜਾਂ PR ਹੋਈ ਪੜ੍ਹੀ ਲਿਖੀ ਲੜਕੀ ਦੀ ਜਰੂਰਤ ਹੈ। - CASTE NO-BAR. For more info. Call 416-917-8804

## ਲੜਕੀ ਦੀ ਲੋੜ

A handsome, slim & athletic Senior Software Engineer in a Toronto Bank, M.S from USC, California, Cultured, Never Married Canadian Permanent Resident, June 1980/5'7", owns house, seeks a suitable slim, cultured, professionally qualified match below 36. MUST Email BHP to sb2can@gmail.com / 6477455075

ਜੱਟ ਸਿੱਖ ਭੱਠਲ, ਉਮਰ 32 ਸਾਲ, ਕੱਦ 6 ਫੁੱਟ, BA ਪਾਸ, ਨਸ਼ਾ ਰਹਿਤ ਲੜਕੇ ਲਈ PR ਜਾਂ Citizen ਲੜਕੀ ਦੀ ਲੋੜ। ਲੜਕਾ ਵਰਕ ਪਰਮਿਟ ਤੇ ਵਧੀਆ ਜਾਬ ਕਰਦਾ ਹੈ, ਲੁਧਿਆਣਾ ਤੇ ਮੋਗਾ ਜਿਲ੍ਹੇ ਨੂੰ ਪਹਿਲ, ਡਿਵੋਰਸੀ ਤੇ ਵੀ ਗੌਰ ਕੀਤੀ ਜਾ ਸਕਦੀ ਹੈ, ਲੜਕੇ ਦੀ ਭੈਣ ਕੇਨੇਡਾ ਵਿੱਚ ਵੈੱਲ ਸੈਟਲਡ ਹੈ। ਸੰਪਰਕ ਕਰੋ: 416-846-4141, 647-293-3813 ਜਾਂ ਫੇਰ ਈ-ਮੇਲ ਕਰੋ jyot317@gmail.com

ਜੱਟ ਸਿੱਖ ਲੜਕਾ, ਉਮਰ 27 ਸਾਲ, ਕੱਦ 5'11", ਨਸ਼ਿਆਂ ਤੋ ਦੂਰ, ਬੀ.ਏ ਪਾਸ ਲਈ ਕਨੇਡੀਅਨ ਪੀ ਆਰ ਜਾਂ ਵੀਜ਼ਿਟਰ ਲੜਕੀ ਦੀ ਲੋੜ ਹੈ, ਸਟੂਡੈਂਟ ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: +647 339 0864

ਜੱਟ ਸਿੱਖ ਕੁਲਾਰ ਲੜਕਾ, ਉਮਰ 27 ਸਾਲ , ਕੱਦ 5'10", Self Employed, ਵੱਰਕ ਵੀਜੇ ਤੇ ਆਏ ਲੜਕੇ ਲਈ, ਸੋਹਣੀ ਸੁਣਖੀ, ਲੰਮੀ ਤੇ ਪਤਲੀ P.R ਜਾਂ citizen ਲੜਕੀ ਦੀ ਲੋੜ ਹੈ। Student ਤੇ ਵੀ ਗੋਰ ਕੀਤੀ ਜਾ ਸਕਦੀ ਹੈ ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 91-9888871813 । 306-612-4093 ਜਾਂ ਇ ਮੇਲ ਕਰੋ: kaurindergrewal@gmail.com

ਜੱਟ ਸਿੱਖ ਹੇਠੀ ਲੜਕਾ, ਉਮਰ 28 ਸਾਲ, ਲਈ ਕੈਨੇਡੀਅਨ ਸਿਟੀਜ਼ਨ / ਪੀ-ਆਰ / ਵਰਕ ਪਰਮਿਟ / ਬਿਨਾਂ ਬੱਚੇ ਤੋ ਤਲਾਕਸ਼ੁਦਾ ਲੜਕੀ ਦੀ ਜ਼ਰੂਰਤ ਹੈ। ਸਟੂਡੈਂਟ ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਲੜਕਾ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਇਆ ਹੋਇਆ ਹੈ। ਵਿਆਹ ਜਲਦੀ!! ਸੰਪਰਕ: 647-463-8060

## ਲੜਕੇ ਦੀ ਲੋੜ

Canadian born punjabi tonk kshatriya girl, 35 yrs old, 5'3", certificate in accounting. Boy should be hindu punjabi (36 to 39 yrs), (5'9" to 5'11"), attractive, athletic, vegetarian, educated. Plz send biodata with recent pictures.
E -mail: matri.response2018@gmail. com 1 mnth

Jat sikh virk family looking for a well educated,tall & handome canadian citizen/Immigrant , never married vegetarian, non-drinker match for their 36 years old, 5-6" tall never married well educated and working in reputed bank, spiritual and family oriented daughter. Please send your picture at jeetk1631@gmail.com or call between Weekdays 6pm till 9pm; weekend 8 am to 9 pm and at 647-562-1631. Marriage bureau please stay away. 1 week

ਜੱਟ ਸਿੱਖ ਲੱੜਕੀ, ਉਮਰ 27 ਸਾਲ, ਕੱਦ 5'-5", ਡਾਕਟਰ (M.D), ਕਨੇਡੀਅਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਡਾਕਟਰ ਜਾਂ ਵਧੀਆ ਨੌਕਰੀ ਕਰਦਾ ਸਿਟੀਜ਼ਨ ਲੜਕੇ ਦੀ ਚਾਹੀਦਾ ਹੈ। ਸੰਪਰਕ ਕਰੋ: 647-701-9163, 905-915-3043

ਜੱਟ ਸਿੱਖ ਲੜਕੀ ਉਮਰ 28 ਸਾਲ, ਮਾਸਟਰ ਡਿਗਰੀ ਪੰਜਾਬੀ ਯੂਨੀਵਰਸਿਟੀ, ਤਲਾਕਸ਼ੁਧਾ ਤੇ ਇਕ ਤਿੰਨ ਸਾਲਾਂ ਦੀ ਧੀ ਲਈ ਕੈਨੇਡੀਅਨ **PR** ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ : 416-725-2929

ਜਟ ਸਿਖ ਪਰਿਵਾਰਕ ਲੜਕੀ, ਉਮਰ 28 ਸਾਲ, ਕਦ 5'-4", +2 ਕੀਤੀ ਹੋਨਹਾਰ ਲੜਕੀ ਲਈ P.R or Divorcee ਲੜਕਾ ਚਾਹੀਦਾ ਹੈ। ਲੜਕੀ ਇਥੇ ਕਨੇਡਾ ਆਈ ਹੋਈ ਹੈ। ਕਾਲ ਕਰੋ : 289-489-9321 ਜਾਂ 1-204-951-7136

## ਲੜਕੇ ਦੀ ਲੋੜ

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-6", Divorcee ਤੇ 4 ਸਾਲ ਦੀ ਧੀ, ਇੰਡੀਆ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜ਼ਨ ਜਾਂ ਇਮੀਗ੍ਰੇਂਟ ਲੜਕੇ ਦੀ ਲੋੜ ਹੈ। Divorcee ਜਾਂ ਜਾਤ-ਪਾਤ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: +91 9872665678 । 416-822-5229

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4", ਵਿਜ਼ਟਰ ਵੀਜੇ ਤੇ ਆਈ ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸ਼ੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਸੰਪਰਕ ਕਰੋ : 647-267-0656 । 416-509-7252

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-3", ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਜੱਟ ਸਿੱਖ ਲੜਕੀ, ਉਮਰ 33 ਸਾਲ, ਇਕ ਬੱਚੀ ਸਾਢੇ 3 ਸਾਲ, ਲਈ ਲੜਕੇ ਦੀ ਲੋੜ ਹੈ। ਲੜਕੀ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਈ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: 647-239-4939, 734-377-4076


Check our Free E-paper at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202

Check our Free E-paper at: www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post



ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202

Check our Free E-paper at: www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

**Wanted Office Clerk & Office Administrator**

- Fluent in English & Hindi are essential
- Good communication skills
- Good computer skills
- Willing to work in a fast paced work environment.

Please Email Resume at: molly@jfgroup.ca

**Cell n Tell Distribution Inc.**
1-401 Traders Blvd E, Mississauga, ON

Requires F/T Permanent Position, "Cellular Telephone Technician " to diagnose faults, Install, arrange, remove, maintain cellphones and related equipment. Ability to work on circuit boards, wiring and associated hardware. Inspect and test cellular equipment. Repair or replace defective and damages parts, wiring and associated equipment.

- $29 per hr
- Experience: 3-5 years
- Education has to be secondary high school or equivalent experience

Email Resume at umar.w@cellntell.com

**STARLANE PAINTING**
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ



416.230.4000 • 647.409.1092
www.STARLANEPAINTING.com
ਹਰਜੀਤ ਢਲੇਆ

# ਕੇਂਦਰੀ ਮੰਤਰੀ ਸਾਂਪਲਾ ਨੂੰ ਟਿਕਟ ਨਾ ਮਿਲੀ ਤਾਂ ਭਾਜਪਾ ਦਫਤਰ ਨੂੰ ਤਾਲੇ ਲੱਗੇ



ਫਗਵਾੜਾ, 25 ਅਪ੍ਰੈਲ (ਪੋਸਟ ਬਿਊਰੋ)- ਇੱਕ ਕੇਂਦਰੀ ਰਾਜ ਮੰਤਰੀ ਵਿਜੇ ਸਾਂਪਲਾ ਅਤੇ ਇਥੋਂ ਦੇ ਭਾਜਪਾ ਵਿਧਾਇਕ ਸੋਮ ਪ੍ਰਕਾਸ਼ ਦੀ ਸਿਆਸੀ ਖਿੱਚੋਤਾਣ ਵਿੱਚ ਕੇਂਦਰੀ ਮੰਤਰੀ ਇਹ ਜੰਗ ਹਾਰ ਗਏ ਅਤੇ ਹੁਸ਼ਿਆਰਪੁਰ ਲੋਕ ਸਭਾ ਹਲਕੇ ਦੀ ਟਿਕਟ ਲੈਣ ਵਿੱਚ ਆਖਰ ਨੂੰ ਵਿਧਾਇਕ ਸੋਮ ਪ੍ਰਕਾਸ਼ ਦਾ ਦਾਅ ਲੱਗ ਗਿਆ। ਇਸ ਪਿੱਛੋਂ ਕੇਂਦਰੀ ਮੰਤਰੀ ਵੱਲੋਂ ਦੋ ਮਹੀਨੇ ਪਹਿਲਾਂ ਸ੍ਰੀ ਹਰਗੋਬਿੰਦ ਨਗਰ ਵਿੱਚ ਖੋਲ੍ਹੇ ਦਫਤਰ ਨੂੰ ਵੀ ਤਾਲੇ ਲੱਗ ਗਏ ਹਨ।

ਅਸਲ ਵਿੱਚ ਕੇਂਦਰੀ ਰਾਜ ਮੰਤਰੀ ਇਥੋਂ ਦੇ ਸਾਬਕਾ ਮੰਤਰੀ ਚੌਧਰੀ ਸਵਰਨਾ ਰਾਮ ਦੇ ਧੜੇ ਨਾਲ ਸੰਬੰਧਤ ਸਨ, ਇਨ੍ਹਾਂ ਦੀ ਸਿਆਸੀ ਜੰਗ ਓਦੋਂ ਤੇਜ਼ ਹੋਈ ਸੀ, ਜਦੋਂ ਜੀ ਟੀ ਰੋਡ ਉੱਤੇ ਬਣ ਰਹੇ ਪੁਲ ਨੂੰ ਓਦੋਂ ਦੇ ਮੁੱਖ ਪਾਰਲੀਮਾਨੀ ਸੈਕਟਰੀ ਸੋਮ ਪ੍ਰਕਾਸ਼ ਨੇ ਇਸ ਨੂੰ ਸੋਲਿਡ (ਮਿੱਟੀ ਵਾਲਾ ਪੁਲ) ਬਣਾਉਣ ਦੀ ਇੱਛਾ ਰੱਖੀ ਸੀ, ਪਰ ਕੁਝ ਸੰਸਥਾਵਾਂ ਅਤੇ ਸਿਆਸੀ ਆਗੂਆਂ ਨੇ ਇਸ ਦੇ ਖਿਲਾਫ ਮੋਰਚਾ ਲਾ ਦਿੱਤਾ ਅਤੇ ਕੇਂਦਰੀ ਮੰਤਰੀ ਨੇ ਉਨ੍ਹਾਂ ਨੂੰ ਅਸ਼ੀਰਵਾਦ ਦੇ ਦਿੱਤਾ ਅਤੇ ਇਸ ਪੁਲ ਦਾ ਕੰਮ ਰੁਕ ਗਿਆ ਸੀ। ਲੰਬਾ ਸਮਾਂ ਇਹ ਕੰਮ ਲਟਕਿਆ ਰਿਹਾ ਅਤੇ ਲੋਕਾਂ ਦੀ ਪ੍ਰੇਸ਼ਾਨੀ ਵਧਦੀ ਗਈ ਅਤੇ ਅਕਾਲੀ-ਭਾਜਪਾ ਸਰਕਾਰ ਬਦਲਣ ਪਿੱਛੋਂ ਇਸ ਦਾ ਉਲਾਂਭਾ ਕੇਂਦਰੀ ਮੰਤਰੀ ਸਿਰ ਮੜ੍ਹਿਆ ਗਿਆ ਤੇ ਫਿਰ ਉਸ ਨੇ ਬੜੀ ਮੁਸ਼ਕਲ ਨਾਲ ਇਨ੍ਹਾਂ ਚੋਣਾਂ ਦੇ ਐਲਾਨ ਤੋਂ ਪਹਿਲਾਂ ਕੇਂਦਰੀ ਸੜਕੀ ਆਵਾਜਾਈ ਮੰਤਰੀ ਨਿਤਿਨ ਗਡਕਰੀ ਨੂੰ ਲਿਆ ਕੇ ਇਸ ਦਾ ਨੀਂਹ ਪੱਥਰ ਰੱਖਵਾਇਆ ਸੀ, ਪਰ ਇਸ ਦੌਰਾਨ ਸੋਮ ਪ੍ਰਕਾਸ਼ ਹਾਜ਼ਰ ਨਹੀਂ ਸਨ।

ਪਿਛਲੀਆਂ ਵਿਧਾਨ ਸਭਾ ਚੋਣਾਂ ਮੌਕੇ ਟਿਕਟਾਂ ਮੌਕੇ ਕੇਂਦਰੀ ਮੰਤਰੀ ਨੇ ਸੋਮ ਪ੍ਰਕਾਸ਼ ਨੂੰ ਟਿਕਟ ਦੇਣ ਦਾ ਵੀ ਤਿੱਖਾ ਵਿਰੋਧ ਕੀਤਾ ਸੀ, ਪਰ ਸੋਮ ਪ੍ਰਕਾਸ਼ ਵੱਲੋਂ ਸ਼ਹਿਰ ਦੇ ਵਿਕਾਸ ਕਾਰਨ ਉਹ ਜਿੱਤ ਗਏ ਅਤੇ ਧੜੇ ਦੀ ਲੜਾਈ ਹੋਰ ਤੇਜ਼ ਹੋ ਗਈ। ਕੇਂਦਰੀ ਮੰਤਰੀ ਦੇ ਪੰਜਾਬ ਭਾਜਪਾ ਦਾ ਪ੍ਰਧਾਨ ਬਣਨ ਅਤੇ ਰਾਜ ਮੰਤਰੀ ਦੇ ਦੋਵੇਂ ਅਹੁਦੇ ਹੋਣ ਕਾਰਨ ਉਹ ਹਲਕੇ ਦੇ ਲੋਕਾਂ ਦੀਆਂ ਇੱਛਾਵਾਂ ਉੱਤੇ ਪੂਰਾ ਨਹੀਂ ਉਤਰੇ, ਜਿਸ ਕਾਰਨ ਸੋਮ ਪ੍ਰਕਾਸ਼ ਟਿਕਟ ਲੈ ਗਏ ਅਤੇ ਕੇਂਦਰੀ ਮੰਤਰੀ ਧੜੇ ਵਿੱਚ ਵਿਰਾਨਤਾ ਛਾ ਗਈ ਹੈ ਅਤੇ ਅੱਗੋਂ ਕਾਂਗਰਸ ਉਮੀਦਵਾਰ ਨਾਲ ਸਖਤ ਟੱਕਰ ਦੇ ਆਸਾਰ ਬਣ ਗਏ ਹਨ।


# ਪਾਦਰੀ ਦੇ ਕਰੋੜਾਂ ਰੁਪਏ ਗਾਇਬ ਕਰਨ ਵਿੱਚ ਦੋ ਕਾਰਾਂ ਸਮੇਤ ਥਾਣੇਦਾਰ ਗ੍ਰਿਫਤਾਰ



ਐਸ ਏ ਐਸ ਨਗਰ, 25 ਅਪ੍ਰੈਲ (ਪੋਸਟ ਬਿਊਰੋ)- ਪਾਦਰੀ ਐਂਥਨੀ ਦੇ ਛੇ ਕਰੋੜ 65 ਲੱਖ ਰੁਪਏ ਖੁਰਦ ਬੁਰਦ ਕਰਨ ਦੇ ਕੇਸ ਵਿੱਚ ਥਾਣਾ ਸਟੇਟ ਕ੍ਰਾਈਮ ਸੈਲ ਵੱਲੋਂ ਗ੍ਰਿਫਤਾਰ ਮੁਖਬਰ ਸੁਰਿੰਦਰ ਸਿੰਘ ਕੋਲੋਂ ਕੀਤੀ ਪੁੱਛਗਿੱਛ ਉਪਰੰਤ ਕੱਲ੍ਹ ਏ ਐਸ ਆਈ ਦਿਲਬਾਗ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਸਟੇਟ ਕਰਾਈਮ ਸੈਲ ਵੱਲੋਂ ਦਿਲਬਾਗ ਸਿੰਘ ਦੀ ਨਿਸ਼ਾਨਦੇਹੀ ਉੱਤੇ ਹੁੰਡਈ ਵਰਨਾ ਕਾਰ ਤੇ ਮਾਰੂਤੀ ਸਵਿਫਟ ਕਾਰ ਬਰਾਮਦ ਕੀਤੀ ਗਈ ਹੈ। ਇਹ ਦੋਵੇਂ ਕਾਰਾਂ ਉਕਤ ਵਾਰਦਾਤ ਦੌਰਾਨ ਵਰਤੀਆਂ ਗਈਆਂ ਸਨ। ਏ ਐਸ ਆਈ ਦਿਲਬਾਗ ਸਿੰਘ ਸ਼ਹਿਰ ਖੰਨਾ ਦਾ ਵਾਸੀ ਅਤੇ ਪਟਿਆਲਾ ਵਿਖੇ ਤਾਇਨਾਤ ਹੈ। ਬਰਾਮਦ ਦੋਵਾਂ ਕਾਰਾਂ ਦੀ ਵਾਰਦਾਤ ਵਿੱਚ ਵਰਤੋਂ ਦੀ ਪਛਾਣ ਮੁਖਬਰ ਸੁਰਿੰਦਰ ਸਿੰਘ ਨੇ ਕੀਤੀ ਹੈ। ਸੁਰਿੰਦਰ ਸਿੰਘ ਨੇ ਪੁਲਸ ਨੂੰ ਦੱਸਿਆ ਕਿ ਛਾਪੇਮਾਰੀ ਦੌਰਾਨ ਮਿਲੇ ਪੈਸਿਆਂ ਦੀ ਗਿਣਤੀ ਤੋਂ ਬਾਅਦ ਇਹ ਕਰੋੜਾਂ ਰੁਪਏ ਇਨ੍ਹਾਂ ਗੱਡੀਆਂ ਵਿੱਚ ਲਿਜਾਏ ਗਏ ਸਨ ਤੇ ਇਸ ਪੈਸੇ ਨੂੰ ਖੰਨਾ ਤੋਂ ਪਟਿਆਲਾ ਲਿਜਾਣ ਵਿੱਚ ਏ ਐਸ ਆਈ ਦਿਲਬਾਗ ਸਿੰਘ ਦੀ ਸ਼ਮੂਲੀਅਤ ਸੀ। ਸਟੇਟ ਕ੍ਰਾਈਮ ਸੈਲ ਦੇ ਏ ਆਈ ਜੀ ਰਾਕੇਸ਼ ਕੌਂਸਲ ਨੇ ਵੀ ਥਾਣੇਦਾਰ ਦਿਲਬਾਗ ਸਿੰਘ ਦੀ ਗ੍ਰਿਫਤਾਰੀ ਦੀ ਪੁਸ਼ਟੀ ਕੀਤੀ ਹੈ।

# ਭਾਰਤ ਵਿੱਚ ਗਰੀਨ ਹਾਊਸ ਗੈਸਾਂ ਦਾ ਅਸਰ ਘਟਿਆ




ਦੇਹਰਾਦੂਨ, 25 ਅਪ੍ਰੈਲ (ਪੋਸਟ ਬਿਊਰੋ)- ਜਲਵਾਯੂ ਤਬਦੀਲੀ ਦੇ ਗੰਭੀਰ ਖਤਰੇ ਨਾਲ ਜੂਝ ਰਹੇ ਸੰਸਾਰ ਲਈ ਭਾਰਤ ਤੋਂ ਚੰਗੀ ਖਬਰ ਆਈ ਹੈ। ਇਸ ਦੇਸ਼ ਵਿੱਚ ਗਰੀਨ ਹਾਊਸ ਗੈਸਾਂ ਦੇ ਅਸਰ ਵਿੱਚ 25 ਫੀਸਦੀ ਤੱਕ ਕਮੀ ਆ ਗਈ ਹੈ। ਇਹੀ ਨਹੀਂ, ਊਰਜਾ ਦੇ ਹੋਰਨਾਂ ਬਦਲਾਂ ਵਾਲੇ ਪਾਸੇ ਚੰਗੀ ਪ੍ਰਗਤੀ ਹੋਈ ਹੈ। ਜੰਗਲਾਂ ਦੇ ਕਾਰਬਨ ਸੋਖ ਲੈਣ ਦੀ ਸਮਰੱਥਾ ਵੀ ਆਸ ਮੁਤਾਬਕ ਵਧਣ ਦਾ ਪ੍ਰਬੰਧ ਕਰ ਲਿਆ ਗਿਆ ਹੈ।

ਇਸ ਦੀ ਰਿਪਰੋਟ ਪਿੱਛੇ ਜਿਹੇ ਪੈਰਿਸ ਸਮਝੌਤੇ ਹੇਠ ਯੂ ਐਨ ਨੂੰ ਘੱਲ ਦਿੱਤੀ ਗਈ ਹੈ। ਇਹ ਜਾਣਕਾਰੀ ਪੈਰਿਸ ਸਮਝੌਤੇ ਬਾਰੇ ਭਾਰਤ ਵਿੱਚ ਬਣਾਈ ਕਮੇਟੀ ਦੇ ਮੈਂਬਰ ਭਾਰਤੀ ਜੰਗਲਾਤ ਖੋਜ ਤੇ ਸਿੱਖਿਆ ਕੌਂਸਲ (ਆਈ ਸੀ ਐਫ ਆਰ ਈ) ਦੇ ਸਲਾਹਕਾਰ ਅਤੇ ਸੀਨੀਅਰ ਸਾਇੰਸਦਾਨ ਡਾ. ਵੀ ਐਸ ਰਾਵਤ ਨੇ ਦਿੱਤੀ ਹੈ। ਸੀਨੀਅਰ ਵਿਗਿਆਨਕ ਡਾ. ਰਾਵਤ ਨੇ ਦੱਸਿਆ ਕਿ 2015 ਵਿੱਚ ਕੀਤੇ ਪੈਰਿਸ ਸਮਝੌਤੇ ਵਿੱਚ ਡਰ ਪ੍ਰਗਟਾਇਆ ਗਿਆ ਸੀ ਕਿ ਜਿਸ ਤਰ੍ਹਾਂ ਗਰੀਨ ਹਾਊਸ ਗੈਸਾਂ ਦਾ ਅਸਰ ਵੱਧਦਾ ਪਿਆ ਹੈ, ਉਸ ਨਾਲ ਸਦੀ ਦੇ ਅਖੀਰ ਤੱਕ ਤਾਪਮਾਨ ਵਿੱਚ 3.5 ਤੋਂ ਚਾਰ ਡਿਗਰੀ ਤੱਕ ਵਾਧਾ ਹੋ ਜਾਵੇਗਾ। ਇਸ ਮਗਰੋਂ ਇਸ ਤਾਪਮਾਨ ਵਾਧੇ ਨੂੰ ਦੋ ਡਿਗਰੀ ਤੱਕ ਸੀਮਤ ਰੱਖਣ ਦਾ ਫੈਸਲਾ ਲੈ ਕੇ ਸਾਰੇ ਮੁਲਕਾਂ ਨੇ 2030 ਤੱਕ ਦਾ ਟੀਚਾ ਰੱਖਿਆ ਸੀ। ਇਸ ਲਈ ਭਾਰਤ ਨੂੰ ਟੀਚੇ ਦੀ ਮੁੱਦਤ ਤੱਕ ਗਰੀਨ ਹਾਊਸ ਗੈਸਾਂ ਦੇ ਅਸਰ ਨੂੰ 33 ਤੋਂ 35 ਫੀਸਦੀ ਤੱਕ ਘੱਟ ਕਰਨਾ ਹੈ।

ਤਾਜ਼ਾ ਰਿਪੋਰਟ ਮੁਤਾਬਕ ਇਹ ਅਸਰ 25 ਫੀਸਦੀ ਤੱਕ ਘੱਟ ਹੋ ਗਿਆ ਹੈ। ਇਨ੍ਹਾਂ ਵਿੱਚ ਮੁੱਖ ਭੂਮਿਕਾ ਕ੍ਰਿਟੀਕਲ ਪਾਵਰ ਪਲਾਂਟ ਨੇ ਨਿਭਾਈ, ਜਿਸ ਵਿੱਚ ਊਰਜਾ ਉਤਪਾਦਨ ਲਈ ਕੋਲੇ ਨੂੰ ਖਾਸ ਤਰੀਕੇ ਨਾਲ ਸਾਫ ਕਰਕੇ ਵਰਤੋਂ ਵਿੱਚ ਲਿਆਂਦਾ ਜਾਣ ਲੱਗਿਆ। ਦੂਜੇ ਪਾਸੇ ਭਾਰਤ ਨੇ ਖੁਦ ਦੇ ਲਈ ਜਿਹੜਾ ਟੀਚਾ ਮਿਥਿਆ, ਉਸ ਵਿੱਚ ਜੀਵ ਰਹਿੰਦ ਖੂੰਹਦ ਬਾਲਣ 'ਤੇ ਨਿਰਭਰਤਾ ਘਟਾਉਂਦਿਆਂ ਹੋਇਆਂ ਉਸ ਦੀ ਥਾਂ ਸੋਲਰ, ਪਣ ਬਿਜਲੀ, ਪਰਮਾਣੂ ਬਿਜਲੀ ਤੇ ਬਦਲ ਨੂੰ ਅਪਣਾਉਣਾ ਹੈ ਤੇ ਇਸ ਵਿੱਚ 40 ਫੀਸਦੀ ਟੀਚੇ ਦੀ ਸੇਧ ਵਿੱਚ 35 ਫੀਸਦੀ ਦਾ ਟੀਚਾ ਸਰ ਕਰ ਲਿਆ ਗਿਆ ਹੈ।

# ਸੜਕੀ ਟੱਕਰ ਦਾ ਵਿਰੋਧ ਕਰਨ ਉੱਤੇ ਜੀਜੇ ਸਾਲੇ ਨੂੰ ਗੋਲੀਆਂ ਮਾਰ ਦਿੱਤੀਆਂ



ਫਿਰੋਜ਼ਪੁਰ, 25 ਅਪ੍ਰੈਲ (ਪੋਸਟ ਬਿਊਰੋ)- 'ਰੋਡ ਰੇਜ਼' ਦੇ ਕੇਸ ਮੋਟਰ ਸਾਈਕਲ ਸਵਾਰ ਤਿੰਨ ਨੌਜਵਾਨਾਂ ਵੱਲੋਂ ਇਕ ਐਕਟਿਵਾ ਉੱਤੇ ਆ ਰਹੇ ਜੀਜੇ ਸਾਲੇ ਨੂੰ ਸਿੱਧੀ ਟੱਕਰ ਮਾਰ ਦਿੱਤੀ। ਇਸ ਦਾ ਇਤਰਾਜ਼ ਕਰਨ 'ਤੇ ਉਕਤ ਨੌਜਵਾਨਾਂ ਨੇ ਦੇਸੀ ਕੱਟੇ ਕੱਢੇ ਅਤੇ ਉਨ੍ਹਾਂ 'ਤੇ ਫਾਇਰਿੰਗ ਕਰ ਦਿੱਤੀ। ਫਾਇਰਿੰਗ 'ਚ ਅਰੁਣ ਕੁਮਾਰ ਪੁੱਤਰ ਰਾਜਕੁਮਾਰ ਅਤੇ ਉਸ ਦਾ ਸਾਲਾ ਵਿਕਰਮ ਜ਼ਖਮੀ ਹੋ ਗਏ। ਜ਼ਖਮੀਆਂ ਨੂੰ ਸਥਾਨਕ ਸਿਵਲ ਹਸਪਤਾਲ ਲਿਆਂਦਾ ਗਿਆ, ਜਿਥੇ ਮੁੱਢਲੀ ਸਹਾਇਤਾ ਦੇਣ ਮਗਰੋਂ ਉਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਫਰੀਦਕੋਟ ਰੈਫਰ ਕਰ ਦਿੱਤਾ ਗਿਆ।

ਸਥਾਨਕ ਸਿਵਲ ਹਸਪਤਾਲ ਵਿਖੇ ਇਲਾਜ ਕਰਵਾ ਰਹੇ ਅਰੁਣ ਕੁਮਾਰ ਪੁੱਤਰ ਰਾਜਕੁਮਾਰ ਨੇ ਦੱਸਿਆ ਕਿ ਕੱਲ੍ਹ ਸ਼ਾਮ ਉਹ ਆਪਣੇ ਸਾਲੇ ਵਿਕਰਮ ਤੇ ਚਾਰ ਸਾਲ ਦੇ ਬੱਚੇ ਸਿਧਾਂਤ ਨਾਲ ਕੁਝ ਸਮਾਨ ਲੈਣ ਲਈ ਬਾਜ਼ਾਰ ਗਏ ਸਨ। ਦਿੱਲੀ ਗੇਟ ਅੰਦਰ ਤਿੰਨ ਨੌਜਵਾਨਾਂ ਨੇ ਉਨ੍ਹਾਂ ਦੀ ਬਾਈਕ ਨੂੰ ਸਿੱਧੀ ਟੱਕਰ ਮਾਰ ਦਿੱਤੀ, ਜਿਸ ਕਾਰਨ ਚਾਰ ਸਾਲਾ ਬੱਚਾ ਮੋਟਰ ਸਾਈਕਲ ਤੋਂ ਡਿੱਗ ਪਿਆ। ਇਸ 'ਤੇ ਜਦੋਂ ਉਨ੍ਹਾਂ ਨੌਜਵਾਨਾਂ ਨੂੰ ਧਿਆਨ ਨਾਲ ਚਲਾਉਣ ਲਈ ਕਿਹਾ ਤਾਂ ਉਨ੍ਹਾਂ ਫਾਇਰਿੰਗ ਕਰ ਦਿੱਤੀ। ਇਸ ਹਮਲੇ ਵਿੱਚ ਅਰੁਣ ਅਤੇ ਉਸ ਦਾ ਸਾਲਾ ਵਿਕਰਮ ਦੋਵੇਂ ਜ਼ਖਮੀ ਹੋ ਗਏ। ਉਨ੍ਹਾਂ ਦੱਸਿਆ ਕਿ ਵਾਰਦਾਤ ਤੋਂ ਬਾਅਦ ਹਮਲਾਵਰ ਮੌਕੇ ਤੋਂ ਫਰਾਰ ਹੋ ਗਏ। ਇਸ ਸਬੰਧੀ ਸਿਵਲ ਹਸਪਤਾਲ ਦੇ ਡਾਕਟਰਾਂ ਨੇ ਦੱਸਿਆ ਕਿ ਦੋਵਾਂ ਦੀ ਗੰਭੀਰ ਹਾਲਤ ਨੂੰ ਦੇਖਦਿਆਂ ਉਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਫਰੀਦਕੋਟ ਰੈਫਰ ਕਰ ਦਿੱਤਾ ਗਿਆ ਹੈ।

Beauty Parlour ਲਈ ਲੜਕੀਆਂ ਦੀ ਲੋੜ ਹੈ
Beauty/Hair Salon in Mississauga ਲਈ hair cutting (Gents/Ladies) ਅਤੇ Threading/waxing ਦਾ ਕੰਮ ਜਾਣਨ ਵਾਲੀਆਂ ਲੜਕੀਆਂ ਦੀ ਲੋੜ ਹੈ। Barber ਵੀ ਅਪਲਾਈ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ
Off: 905-814-7400
Ph: 416-566-9678

AZ ਡਰਾਇਵਰਾਂ ਦੀ ਲੋੜ ਹੈ
"New Drivers are welcome"
• ਵਧੀਆ ਤਨਖਾਹ
• ਆਟੋਪਾਰਟਸ ਲਈ
• ਆਟੋਮੈਟਿਕ ਟੱਰਕ
ਟੀਮ ਡਰਾਇਵਰਾਂ ਦੀ Texas, USA ਲਈ ਡੈਡੀਕੇਟਿਡ ਰਨ ਲਈ ਲੋੜ ਹੈ
647.456.8520 | 416.904.0715

V4U LOGISTIC INC.
Delivering "Satisfaction"... On Time Every Time
NOW HIRING
A/Z Drivers Needed
For Canada To US Runs
Local City Drivers @ 22/hr
• General Freight
• Yard to Yard Work
• Up to 3500 miles/wk
• 2 Yr. Exp
• Clear CVOR & Abstract
For Owner Operator upto $1.62/mile
USA Driver $0.60/mile | Canada wide $0.50/mile
* Disability Insurance
* Travel Insurance
* Medical Benefits
* Dental Benefits
ਪਰਗਟ ਸਿੰਘ ਨੂੰ ਫੋਨ ਕਰੋ:
416-625-3096
ਟਰੱਕ ਮਕੈਨਿਕ ਦੀ ਵੀ ਲੋੜ ਹੈ

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

amar™ INTERMODAL • TRANSPORT • STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

Help Wanted for Pizza Store
Maple ਵਿੱਚ ਇਕ ਬਿਜੀ ਪੀਜਾ ਸਟੋਰ ਤੇ ਕੰਮ ਕਰਨ ਵਾਸਤੇ ਲੇਡੀਜ ਵਰਕਰ ਦੀ ਜਰੂਰਤ ਹੈ। ਫੁੱਲ ਟਾਈਮ ਜੋਬ ਹੈ ਅਤੇ ਨਾਲ ਹੀ ਪੀਜਾ ਡਿਲਵਰੀ PART TIME ਡਰਇਵਰਾਂ ਦੀ ਜਰੂਰਤ ਹੈ। ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ।
ਹੋਰ ਜਾਣਕਾਰੀ ਵਾਸਤੇ ਸਵੇਰ ਦੇ 10 ਵਜੇ ਤੋਂ ਸ਼ਾਮ 8 ਵਜੇ ਤੱਕ ਫੋਨ ਕਰ ਸਕਦੇ ਹੋ।
647-704-3799 or 647-705-9736

GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋਂ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

Cell n Tell Distribution Inc.
1-401 Traders Blvd E, Mississauga, ON
Requires F/T Permanent Position, 30 Hrs P/Week "Wholesale Establishment Manager" to study market research and trends to determine consumer demand, potential sales volumes and effect of competitors operation on sales. Determine merchandise and services to be sold, Implement Price and credit policies, locate and select and procure merchandise for resale. Develop and implement marketing strategies. Plan budgets and monitor revenues and expenses. Resolve problems, customer complaints and supply shortages, plan, organize, direct, control evaluate daily operations.
◦ $50 per hr
◦ Experience: 5 years or more
◦ Education: Bachelors Degree Business/Commerce
Email Resume at umar.w@cellntell.com

Get the right INSURANCE for you!
AUTO | HOME | BUSINESS
Life Insurance, Critical Illness,
Disability, Super Visa Insurance,
Travel & Visitor Insurance, Investments
Damanjit S. Kainth (KD) 416.554.1869
damanjit@hotmail.com

BRITANNIA AUTO BODY
We deal with All Major Insurance companies
401 & Dixie Rd
Call: 416.671.7252
6087 Netherhart Rd, #1 & 2, Mississauga, ON L5T 1G5

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
• 6 ਕੰਮ ਸੋਮਵਾਰ ਤੋਂ ਸ਼ਨੀਵਾਰ • Biweekly payment
• Homely Environment • ਵਧੀਆ ਤਨਖਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

MANN RENOVATION
ਘਰਾਂ ਦੀ ਰੈਨੋਵੇਸ਼ਨ ਜਿਵੇਂ ਬੇਸਮੈਂਟ ਬਨਾਉਣੀ, ਸਾਈਡ ਐਂਟਰੈਂਸ, ਵਾਸ਼ਰੂਮ ਬਨਾਉਣਾ, ਟਾਇਲਾਂ ਦਾ ਕੰਮ, ਕੰਕਰੀਟ ਆਦਿ । ਇਸ ਤੋਂ ਇਲਾਵਾ ਕਿਸੇ ਵੀ ਤਰ੍ਹਾਂ ਦਾ ਇਲੈਕਟ੍ਰੀਕਲ ਕੰਮ, ਪਲੰਬਿੰਗ ਦਾ ਕੰਮ ਕਰਵਾਉਣ ਲਈ ਕਾਲ ਕਰੋ :
416 839 0647, 905-598-4640

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

RESIDENTIAL - COMMERCIAL PROPERTY - INDUSTRIAL
For all your Real Estate Need Call
416.262.2600
Email: karampunian@gmail.com
KARAM SINGH PUNIAN
Sales Representative
HomeLife Maple Leaf Realty Ltd.
80 Eastern Ave, Brampton, ON
Tel: 905.456.9090

# ਪੰਜਾਬ ਵਿੱਚਲੀਆਂ ਲੋਕਸਭਾ ਸੀਟਾਂ ਪੁਰ ਬਾਦਲ-ਕੈਪਟਨ ਗਠਜੋੜ ਹੋਣ ਦੀ ਚਰਚਾ ?



ਜਸਵੰਤ ਸਿੰਘ 'ਅਜੀਤ'

ਕਾਫੀ ਲੰਮੇ ਇੰਤਜ਼ਾਰ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ (ਬਾਦਲ) ਵਲੋਂ ਫਿਰੋਜ਼ਪੁਰ ਅਤੇ ਬਠਿੰਡਾ ਲੋਕਸਭਾ ਹਲਕਿਆਂ ਤੋਂ, ਤਰਤੀਬਵਾਰ ਦਲ ਦੇ ਕੌਮੀ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਅਤੇ ਉਨ੍ਹਾਂ ਦੀ ਪਤਨੀ ਬੀਬਾ ਹਰਸਿਮਰਤ ਕੌਰ ਨੂੰ ਆਪਣੇ ਉਮੀਦਵਾਰਾਂ ਵਜੋਂ ਪੇਸ਼ ਕੀਤੇ ਜਾਣ ਦਾ ਐਲਾਨ ਕੀਤਾ ਗਿਆ। ਉਨ੍ਹਾਂ ਦੇ ਨਾਵਾਂ ਅਤੇ ਹਲਕਿਆਂ ਦਾ ਇਤਨੀ ਦੇਰ ਨਾਲ ਐਲਾਨ ਕੀਤੇ ਜਾਣ ਪੁਰ ਹੈਰਾਨੀ ਪ੍ਰਗਟ ਕਰਦਿਆਂ ਪੰਜਾਬ ਦੇ ਰਾਜਸੀ ਹਲਕਿਆਂ ਨੇ ਕਿਹਾ ਕਿ ਆਮ ਤੌਰ ਤੇ ਹਰ ਪਾਰਟੀ ਵਲੋਂ ਆਪਣੇ ਮੁਖ ਉਮੀਦਵਾਰਾਂ ਦੇ ਨਾਵਾਂ ਅਤੇ ਉਨ੍ਹਾਂ ਦੇ ਚੋਣ ਹਲਕਿਆਂ ਦਾ ਐਲਾਨ ਅਰੰਭ ਵਿੱਚ ਹੀ ਕਰ ਦਿੱਤਾ ਜਾਂਦਾ ਹੈ, ਤਾਂ ਜੋ ਉਨ੍ਹਾਂ ਨੂੰ ਲੈਕੇ ਪਾਰਟੀ ਵਿੱਚ ਜਾਂ ਪਾਰਟੀ ਤੋਂ ਬਾਹਰ ਕੋਈ ਗਲਤ ਧਾਰਨਾਂ ਪੈਦਾ ਨਾ ਹੋ ਸਕੇ। ਪ੍ਰੰਤੂ ਸ਼੍ਰੋਮਣੀ ਅਕਾਲੀ ਦਲ (ਬਾਦਲ) ਵਲੋਂ ਇਸ ਪਰੰਪਰਾ ਨੂੰ ਤੋੜ, ਆਖਰੀ ਸਮੇਂ 'ਤੇ ਐਲਾਨ ਕੀਤਾ ਜਾਣਾ, ਕਈ ਤਰ੍ਹਾਂ ਦੇ ਸੁਆਲ ਖੜੇ ਕਰਦਾ ਹੈ। ਕਈ ਰਾਜਨੀਤਿਕਾਂ ਦਾ ਕਹਿਣਾ ਹੈ ਕਿ ਬਾਦਲ ਪਰਿਵਾਰ ਵਿੱਚ ਸ਼ਾਇਦ ਇਹ ਡਰ ਬਣਿਆ ਹੋਇਆ ਚਲਿਆ ਆ ਰਿਹਾ ਸੀ ਕਿ ਉਨ੍ਹਾਂ ਦੇ ਪਾਰਟੀ ਉਮੀਦਵਾਰਾਂ ਨੂੰ ਆਪਣੇ ਚੋਣ ਪ੍ਰਚਾਰ ਦੌਰਾਨ ਜਿਸਤਰ੍ਹਾਂ ਦੇ ਜਨ-ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜੇ ਉਹੀ ਸਥਿਤੀ ਉਨ੍ਹਾਂ ਸਾਹਮਣੇ ਵੀ ਪੈਦਾ ਹੋ ਜਾਂਦੀ ਹੈ ਤਾਂ ਉਨ੍ਹਾਂ ਦਾ ਵਕਾਰ ਤਾਂ ਮਿੱਟੀ ਵਿੱਚ ਰੁਲੇਗਾ ਹੀ, ਨਾਲ ਹੀ ਦਲ ਦੀ ਰਹਿੰਦੀ ਖੂੰਹਦੀ ਸਾਖ ਵੀ ਖਤਮ ਹੋ ਕੇ ਰਹਿ ਜਾਇਗੀ। ਉਨ੍ਹਾਂ ਅਨੁਸਾਰ, ਜਾਪਦਾ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਉਨ੍ਹਾਂ ਦੇ ਤਾਰਣਹਾਰ ਬਣ, ਸਾਹਮਣੇ ਆਏ। ਕਿਹਾ ਜਾਂਦਾ ਹੈ ਕਿ ਕੈਪਟਨ ਨੇ ਉਨ੍ਹਾਂ ਨੂੰ ਭਰੋਸਾ ਦੁਆਇਆ ਹੈ ਕਿ ਉਹ ਬੇਫਿਕਰ ਹੋ ਮੈਦਾਨ ਵਿੱਚ ਨਿਤਰਨ, ਉਹ ਉਨ੍ਹਾਂ ਨੂੰ ਕਿਸੇ ਵੀ ਕੀਮਤ ਤੇ ਹਾਰਨ ਨਹੀਂ ਦੇਣਗੇ। ਕਿਹਾ ਜਾਂਦਾ ਹੈ ਕਿ ਕੈਪਟਨ ਵਲੋਂ ਦਿੱਤੀ ਗਈ ਗਰੰਟੀ ਨੇ ਮੀਆਂ-ਬੀਵੀ ਦਾ ਹੌਂਸਲਾ ਵਧਾਇਆ ਤੇ ਉਹ ਚੋਣ ਮੈਦਾਨ ਵਿੱਚ ਨਿਤਰਨ ਲਈ ਤਿਆਰ ਹੋ ਗਏ। ਇਹ ਵੀ ਚਰਚਾ ਹੈ ਕਿ ਬਦਲੇ ਵਿੱਚ ਸ. ਸੁਖਬੀਰ ਸਿੰਘ ਬਾਦਲ ਨੇ ਕੈਪਟਨ ਨੂੰ ਭਰੋਸਾ ਦੁਆਇਆ ਹੈ ਕਿ ਉਹ ਪਟਿਆਲਾ ਵਿਖੇ ਮਹਾਰਾਣੀ ਪ੍ਰਨੀਤ ਕੌਰ ਵਿਰੁਧ ਡੰਮੀ ਉਮੀਦਵਾਰ ਉਤਾਰਨਗੇ ਤਾਂ ਜੋ ਉਨ੍ਹਾਂ ਦੀ ਜਿੱਤ ਵੀ ਨਿਸ਼ਚਤ ਬਣੀ ਰਹਿ ਸਕੇ।

ਕੈਪਟਨ ਬਨਾਮ ਬਾਦਲ : ਨੂਰਾ ਕੁਸ਼ਤੀ : ਪੰਜਾਬ ਦੇ ਰਾਜਸੀ ਹਲਕਿਆਂ ਵਿੱਚ ਇਹ ਵੀ ਚਰਚਾ ਹੈ ਕਿ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਕੈਪਟਨ ਨੇ ਸ. ਪ੍ਰਕਾਸ਼ ਸਿੰਘ ਬਾਦਲ ਦੀ ਜਿੱਤ ਪੱਕੀ ਕਰਨ ਵਿੱਚ ਮੁਖ ਭੂਮਿਕਾ ਨਿਭਾਈ ਸੀ। ਮੰਨਿਆ ਜਾਂਦਾ ਹੈ ਕਿ ਜਦੋਂ ਕੈਪਟਨ ਨੇ ਵੇਖਿਆ ਕਿ ਆਮ ਆਦਮੀ ਪਾਰਟੀ ਦੇ ਧਾਕੜ ਉਮੀਦਵਾਰ ਜਰਨੈਲ ਸਿੰਘ ਨਾਲ ਸਿਧੇ ਮੁਕਾਬਲੇ ਵਿੱਚ ਸ. ਪ੍ਰਕਾਸ਼ ਸਿੰਘ ਬਾਦਲ ਦੀ ਹਾਰ ਪੱਕੀ ਹੈ ਤਾਂ ਉਹ ਬਾਦਲ-ਵਿਰੋਧੀ ਵੋਟਾਂ ਵੰਡਾ ਕੇ ਸ. ਬਾਦਲ ਦੀ ਜਿੱਤ ਪੱਕੀ ਕਰਨ ਲਈ ਦੋਹਾਂ ਵਿੱਚ ਆ ਮੈਦਾਨ ਵਿੱਚ ਨਿਤਰੇ ਸਨ। ਨਤੀਜਾ ਸਭ ਦੇ ਸਾਹਮਣੇ ਹੈ ਕਿ ਬਾਦਲ ਵਿਰੋਧੀ ਵੋਟਾਂ ਦੇ ਕੈਪਟਨ ਅਤੇ ਜਰਨੈਲ ਸਿੰਘ ਵਿੱਚ ਵੰਡੇ ਜਾਣ ਦੇ ਫਲਸਰੂਪ ਹੀ ਸ. ਬਾਦਲ ਆਪਣੇ ਜੀਵਨ ਦੀ ਆਖਰੀ ਚੋਣ ਵਿੱਚ ਹਾਰ ਦਾ ਮੂੰਹ ਵੇਖਣ ਤੋਂ ਬਚ ਗਏ।

ਜਗਮੀਤ ਸਿੰਘ ਬਰਾੜ ਦੀ ਰਾਜਨੈਤਿਕ ਆਤਮ-ਹਤਿਆ : ਕਿਸੇ ਸਮੇਂ ਕਾਂਗ੍ਰਸ ਪਾਰਟੀ ਦੇ ਚੋਣਵੇਂ ਮੁੱਖੀ ਕੌਮੀ ਆਗੂਆਂ ਵਿੱਚ ਗਿਣੇ ਜਾਂਦੇ ਰਹੇ ਸ. ਜਗਮੀਤ ਸਿੰਘ ਬਰਾੜ, ਜੋ ਨਿਜੀ ਉਚ ਖਾਹਿਸ਼ਾਂ ਦਾ ਸ਼ਿਕਾਰ ਹੋ ਆਪਣੇ ਸਮੁਚੇ ਰਾਜਸੀ ਜੀਵਨ ਵਿੱਚ ਕਿਸੇ ਨਾਲ ਵੀ ਬਣਾ ਕੇ ਨਾ ਰਖ ਸਕੇ, ਨੇ ਆਖਿਰ ਆਪਣੇ ਹਥੀਂ ਆਪਣੀ ਰਾਜਨੈਤਿਕ ਆਤਮ-ਹਤਿਆ ਕਰ ਲਈ ਅਤੇ ਸਾਬਤ ਕਰ ਦਿੱਤਾ ਕਿ ਵਿਚਲਤ (ਬੇਚੈਨ) ਮਨ ਦੇ ਮਾਲਕ ਸ. ਬਰਾੜ ਆਖਿਰ ਆਪਣੇ ਆਪਦੇ ਵੀ ਬਣ ਕੇ ਨਾ ਰਹਿ ਸਕੇ। ਇਤਿਹਾਸ ਗੁਆਹ ਹੈ ਕਿ ਲਗਭਗ 42 ਵਰ੍ਹੇ ਪਹਿਲਾਂ ਉਨ੍ਹਾਂ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਸ. ਪ੍ਰਕਾਸ਼ ਸਿੰਘ ਬਾਦਲ ਨੂੰ, ਆਪਣੇ ਪਿਤਾ ਸ. ਗੁਰਮੀਤ ਸਿੰਘ ਬਰਾੜ ਦਾ ਕਾਤਲ ਗਰਦਾਨਦਿਆਂ, ਉਨ੍ਹਾਂ ਦੀ ਅਗਵਾਈ (ਪ੍ਰਧਾਨਗੀ) ਵਾਲੇ ਸ਼੍ਰੋਮਣੀ ਅਕਾਲੀ ਦਲ ਨਾਲੋਂ ਸਦੀਵੀ ਕਿਨਾਰਾ ਕਰ ਲਿਆ ਸੀ। ਹੁਣ ਜਦਕਿ ਉਨ੍ਹਾਂ ਸ. ਸੁਖਬੀਰ ਸਿੰਘ ਬਾਦਲ, ਸਾਹਮਣੇ ਆਤਮ-ਸਮਰਪਣ ਕਰ, ਸ਼੍ਰੋਮਣੀ ਅਕਾਲੀ ਦਲ (ਬਾਦਲ) ਵਿੱਚਲੇ ਸੀਨੀਅਰ ਮੀਤ ਪ੍ਰਧਾਨਾਂ ਦੀ ਲਾਈਨ ਵਿੱਚ ਖੜਿਆਂ ਹੋਣ ਦਾ 'ਮਾਣ' ਪ੍ਰਾਪਤ ਕਰ ਲਿਆ ਅਤੇ ਇਸ 'ਅਦੁਤੀ ਪ੍ਰਾਪਤੀ' ਪੁਰ ਉਨ੍ਹਾਂ ਨੇ ਜਿਸ ਤਰ੍ਹਾਂ ਬਗਲਾਂ ਵਜਾਣੀਆਂ ਸ਼ੁਰੂ ਕੀਤੀਆਂ ਹਨ, ਉਸ ਪੁਰ ਹੈਰਾਨੀ ਪ੍ਰਗਟ ਕਰਦਿਆਂ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਰਾਜਨੀਤੀ ਦੇ ਜਾਣਕਾਰ ਇਹ ਕਹੇ ਬਿਨਾਂ ਨਹੀਂ ਰਹਿ ਪਾ ਰਹੇ ਕਿ ਆਖਿਰ ਸ. ਜਗਮੀਤ ਸਿੰਘ ਬਰਾੜ ਨੇ ਆਪ ਹੀ ਆਪਣੀ ਰਾਜਸੀ ਆਤਮਹਤਿਆ ਕਰ ਲਈ ਹੈ। ਉਹ ਤਾਂ ਇਥੋਂ ਤਕ ਵੀ ਕਹਿੰਦੇ ਹਨ ਕਿ ਸ. ਜਗਮੀਤ ਸਿੰਘ ਬਰਾੜ ਨੇ ਅਜਿਹਾ ਕਰਦਿਆਂ ਆਪਣੇ ਪਿਤਾ ਦੀ ਮੌਤ ਨੂੰ ਵੀ 'ਵਿਸਾਰ' ਦਿੱਤਾ। ਉਹ ਮੰਨਦੇ ਹਨ ਕਿ ਸ. ਜਗਮੀਤ ਸਿੰਘ ਬਰਾੜ (ਸਾਬਕਾ ਕਾਂਗ੍ਰਸੀ ਸਾਂਸਦ) ਹੁਣ ਅਕਾਲੀ ਬਣ ਗਏ ਹਨ। ਇਸਦੇ ਨਾਲ ਹੀ ਉਹ ਇਹ ਵੀ ਦਸਦੇ ਹਨ ਕਿ ਲਗਭਗ 42 ਵਰ੍ਹੇ ਤੋਂ ਬਾਦਲ ਪਰਿਵਾਰ ਵਿਰੁਧ ਮੋਰਚਾ ਸੰਭਾਲੀ ਚਲੇ ਆ ਰਹੇ, ਸ. ਜਗਮੀਤ ਸਿੰਘ ਬਰਾੜ ਨੇ ਬਾਦਲ ਪਰਿਵਾਰ ਵਿਰੁਧ ਦੋ ਵਿਧਾਨ ਸਭਾ ਅਤੇ ਤਿੰਨ ਲੋਕਸਭਾ ਚੋਣਾਂ ਲੜੀਆਂ। ਸੰਨ-1999 ਵਿੱਚ ਹੋਈਆਂ ਲੋਕਸਭਾ ਚੋਣਾਂ ਵਿੱਚ ਤਾਂ ਉਨ੍ਹਾਂ ਨੇ ਸ. ਸੁਖਬੀਰ ਸਿੰਘ ਬਾਦਲ ਨੂੰ ਹਰਾ, ਲੋਕਸਭਾ ਵਿੱਚ ਪਹੁੰਚਣ ਵਿੱਚ ਸਫਲਤਾ ਵੀ ਪ੍ਰਾਪਤ ਕਰ ਲਈ ਸੀ। ਇਹੀ ਰਾਜਸੀ ਮਾਹਿਰ ਦਸਦੇ ਹਨ ਕਿ ਸ. ਜਗਮੀਤ ਸਿੰਘ ਬਰਾੜ ਦੇ ਪਿਤਾ ਸ. ਗੁਰਮੀਤ ਸਿੰਘ ਬਰਾੜ ਸਾਬਕਾ ਮੁੱਖ ਮੰਤ੍ਰੀ ਪੰਜਾਬ ਅਤੇ ਸਾਬਕਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਬਾਦਲ) ਸ. ਪ੍ਰਕਾਸ਼ ਸਿੰਘ ਬਾਦਲ ਦੇ ਬਹੁਤ ਹੀ ਨੇੜਲੇ ਸਾਥੀਆਂ ਵਿੱਚ ਮੰਨੇ ਜਾਂਦੇ ਸਨ। ਉਹ ਤਿੰਨ ਵਾਰ ਚੋਣਾਂ ਜਿੱਤ ਪੰਜਾਬ ਵਿਧਾਨ ਸਭਾ ਦੇ ਮੈਂਬਰ ਵੀ ਬਣੇ। 1977 ਵਿੱਚ, ਜਦੋਂ ਸ. ਪ੍ਰਕਾਸ਼ ਸਿੰਘ ਬਾਦਲ ਲੋਕਸਭਾ ਦੀ ਮੈਂਬਰਸ਼ਿਪ ਤੋਂ ਅਸਤੀਫਾ ਦੇ, ਪਹਿਲੀ ਵਾਰ ਪੰਜਾਬ ਦੇ ਮੁੱਖ ਮੰਤ੍ਰੀ ਬਣੇ, ਤਾਂ ਉਸ ਸਮੇਂ ਸ. ਗੁਰਮੀਤ ਸਿੰਘ ਬਰਾੜ ਉਨ੍ਹਾਂ ਵਲੋਂ ਖਾਲੀ ਕੀਤੀ ਗਈ ਲੋਕਸਭਾ ਦੀ ਸੀਟ ਪੁਰ ਹੋਣ ਵਾਲੀ ਉਪ-ਚੋਣ ਲੜਨਾ ਚਾਹੁੰਦੇ ਸਨ। ਸ. ਬਾਦਲ ਦੀ ਨੇੜਤਾ ਪ੍ਰਾਪਤ ਹੋਣ ਕਾਰਣ ਉਨ੍ਹਾਂ ਨੂੰ ਪੂਰਾ ਵਿਸ਼ਵਾਸ ਸੀ ਕਿ ਸ. ਪ੍ਰਕਾਸ਼ ਸਿੰਘ ਬਾਦਲ ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਨਿਰਾਸ਼ ਨਹੀਂ ਕਰਨਗੇ, ਪਰ ਸ. ਬਾਦਲ ਉਨ੍ਹਾਂ ਨਾਲ ਵਾਇਦਾ ਕਰਕੇ ਵੀ ਆਖਰੀ ਪਲਾਂ ਵਿੱਚ, ਉਨ੍ਹਾਂ ਨੂੰ ਟਿਕਟ ਦੇਣ ਤੋਂ ਮੁਨਕਰ ਹੋ ਗਏ। ਜਿਸਦਾ ਉਨ੍ਹਾਂ (ਸ. ਗੁਰਮੀਤ ਸਿੰਘ ਬਰਾੜ) ਨੂੰ ਅਜਿਹਾ ਗਹਿਰਾ ਧੱਕਾ ਲਗਾ, ਜੋ ਉਨ੍ਹਾਂ ਲਈ ਜਾਨਲੇਵਾ ਸਾਬਤ ਹੋ ਨਿਬੜਿਆ। ਉਸ ਸਮੇਂ ਤੋਂ ਹੀ ਸ. ਜਗਮੀਤ ਸਿੰਘ ਬਰਾੜ, ਸ. ਪ੍ਰਕਾਸ਼ ਸਿੰਘ ਬਾਦਲ ਨੂੰ ਆਪਣੇ ਪਿਤਾ ਦਾ ਕਾਤਲ ਗਰਦਾਨਦਿਆਂ ਉਨ੍ਹਾਂ ਵਿਰੁਧ ਮੋਰਚਾ ਸੰਭਾਲੀ ਚਲੇ ਆ ਰਹੇ ਸਨ।

ਲੰਮੇਂ ਸਮੇਂ ਤੋਂ ਅਕਾਲੀ ਰਾਜਨੀਤੀ ਨਾਲ ਜੁੜੇ ਚਲੇ ਆ ਰਹੇ ਰਾਜਸੀ ਮਾਹਿਰਾਂ ਦੀ ਮਾਨਤਾ ਹੈ ਕਿ ਸ. ਪ੍ਰਕਾਸ਼ ਸਿੰਘ ਬਾਦਲ ਉਹ ਰਾਜਸੀ ਨੇਤਾ ਹਨ, ਜਿਨ੍ਹਾਂ ਆਪਣੇ ਪੂਰੇ ਰਾਜਸੀ ਜੀਵਨ ਵਿੱਚ ਕਿਸੇ ਵੀ ਸਮੇਂ ਰਹੇ ਆਪਣੇ ਵਿਰੋਧੀ ਨੂੰ ਕਦੀ ਬਖਸ਼ਿਆ ਨਹੀਂ। ਇਤਿਹਾਸ ਗੁਆਹ ਹੈ ਕਿ ਉਨ੍ਹਾਂ ਸਮਾਂ ਆਉਣ ਤੇ ਉਨ੍ਹਾਂ ਨੇ ਆਪਣੇ ਹਰ ਵਿਰੋਧੀ ਨੂੰ ਵਿਸ਼ਵਾਸ ਦੀ 'ਗਲਵਕੜੀ' ਦਾ ਨਿਘ ਦੇ, ਅਜਿਹੀ ਜਗ੍ਹਾ ਲਿਜਾ ਮਾਰਿਆ, ਜਿਥੇ ਉਹ ਪਾਣੀ ਤਕ ਨਹੀਂ ਮੰਗ ਸਕਿਆ। ਉਨ੍ਹਾਂ ਦਾ ਕਹਿਣਾ ਹੈ ਕਿ ਹੁਣ ਵੇਖਦੇ ਹਾਂ, ਸ. ਜਗਮੀਤ ਸਿੰਘ ਬਰਾੜ ਕਦੋਂ ਤਕ ਸ. ਬਾਦਲ ਦੀ 'ਗਲਵਕੜੀ' ਦਾ ਨਿਘ ਮਾਣਦੇ ਰਹਿ ਸਕਦੇ ਹਨ।

...ਅਤੇ ਅੰਤ ਵਿੱਚ : ਪੰਜਾਬ ਕਾਂਗ੍ਰਸ ਦੇ ਕਈ ਪੁਰਾਣੇ ਆਗੂ ਦਸਦੇ ਹਨ ਕਿ ਆਲ ਇੰਡੀਆ ਕਾਂਗ੍ਰਸ ਦੇ ਇਤਿਹਾਸ ਵਿੱਚ ਇੱਕ ਸਮਾਂ ਅਜਿਹਾ ਵੀ ਆਇਆ ਸੀ ਜਦੋਂ ਉਸਦੇ ਅਰਜਨ ਸਿੰਘ, (ਐਨਡੀ) ਤਿਵਾੜੀ ਆਦਿ ਵਰਗੇ ਉਚੇ ਕਦ ਦੇ ਕਈ ਚੋਟੀ ਦੇ ਆਗੂਆਂ ਨੇ ਮੂਲ ਕਾਂਗ੍ਰਸ ਨਾਲੋਂ ਨਾਤਾ ਤੋੜ, ਅਲਗ ਆਲ ਇੰਡੀਆ ਕਾਂਗ੍ਰਸ (ਤਿਵਾੜੀ) ਦਾ ਗਠਨ ਕਰ ਲਿਆ ਸੀ। ਅਰਜਨ ਸਿੰਘ ਨਾਲ ਨੇੜਤਾ ਹੋਣ ਕਾਰਣ ਸ. ਜਗਮੀਤ ਸਿੰਘ ਬਰਾੜ ਅਤੇ ਸ. ਬੀਰਦਵਿੰਦਰ ਸਿੰਘ ਨੇ ਵੀ ਆਪਣੇ ਸਾਥੀਆਂ ਸਮੇਤ ਮੂਲ ਕਾਂਗ੍ਰਸ ਨਾਲੋਂ ਨਾਤਾ ਤੋੜ ਤਿਵਾੜੀ ਕਾਂਗ੍ਰਸ ਵਿੱਚ ਸ਼ਮੂਲੀਅਤ ਕਰ ਲਈ। ਤਿਵਾੜੀ ਕਾਂਗ੍ਰਸ ਦੇ ਮੁਖੀਆਂ ਨੇ ਪਾਰਟੀ ਵਲੋਂ ਪੰਜਾਬ ਲਈ ਦੋ ਅਹੁਦੇ ਰਾਖਵੇਂ ਕੀਤੇ। ਇੱਕ ਕੌਮੀ ਜਨਰਲ ਸਕੱਤਰ ਦਾ ਅਤੇ ਦੂਜਾ ਪੰਜਾਬ ਪ੍ਰਦੇਸ਼ ਦੇ ਪ੍ਰਧਾਨ ਦਾ। ਇਨ੍ਹਾਂ ਕਾਂਗ੍ਰਸੀਆਂ ਅਨੁਸਾਰ ਚਾਹੀਦਾ ਤਾਂ ਇਹ ਸੀ ਕਿ ਸ. ਜਗਮੀਤ ਸਿੰਘ ਬਰਾੜ ਇਨ੍ਹਾਂ ਦੋਹਾਂ ਅਹੁਦਿਆਂ ਵਿਚੋਂ ਇਕ ਆਪ ਲੈ ਲੈਂਦੇ ਅਤੇ ਦੂਸਰਾ ਆਪਣੇ ਨਾਲ ਆਏ ਬੀਰਦਵਿੰਦਰ ਸਿੰਘ ਨੂੰ ਦੇ, ਆਪਸੀ ਸਾਂਝ ਨੂੰ ਪਕੇ ਰੂਪ ਵਿੱਚ ਕਾਇਮ ਕਰ ਲੈਂਦੇ। ਪਰ ਉਨ੍ਹਾਂ ਨੇ ਅਜਿਹਾ ਨਾ ਕੀਤਾ ਤੇ ਦੋਵੇਂ ਅਹੁਦੇ ਆਪਣੇ ਪਾਸ ਹੀ ਰਖ ਲਏ। ਜਿਸਦਾ ਨਤੀਜਾ ਇਹ ਹੋਇਆ ਕਿ ਦੋਹਾਂ, ਸ. ਜਗਮੀਤ ਸਿੰਘ ਬਰਾੜ ਅਤੇ ਸ. ਬੀਰਦਵਿੰਦਰ ਸਿੰਘ ਵਿੱਚ ਅਜਿਹੀ ਦੂਰੀ ਬਣੀ, ਜੋ ਅੱਜ ਤਕ ਮਿਟ ਨਹੀਂ ਸਕੀ। ਇਸੇ ਘਟਨਾ ਦਾ ਹਵਾਲਾ ਦਿੰਦਿਆਂ ਇਹ ਪੁਰਾਣੇ ਅਕਾਲੀ ਜ਼ੋਰ ਦੇ ਕੇ ਆਖਦੇ ਹਨ ਕਿ ਉਨ੍ਹਾਂ ਨੂੰ ਵਿਸ਼ਵਾਸ ਨਹੀਂ ਕਿ ਸ. ਜਗਮੀਤ ਸਿੰਘ ਬਰਾੜ ਬਹੁਤਾ ਸਮਾਂ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਸੀਨੀਅਰ ਮੀਤ ਪ੍ਰਧਾਨਾਂ ਲੰਮੀ ਲਾਈਨ ਵਿੱਚ ਆਪਣੇ ਆਪ ਨੂੰ ਬਹੁਤਾ ਸਮਾਂ ਖੜਿਆਂ ਰਖ ਸਕਣ।

ਮੋਬਾ: : + 91 95 82 71 98 90

# ਗੁਰੂ ਗ੍ਰੰਥ ਤੇ ਕਿੰਤੂ ਕਿਉਂ ?



ਕਰਨੈਲ ਸਿੰਘ ਟੋਰਾਂਟੋ:
416-746-7642

ਮ: ੪ ਪੰਨਾ ੯੮੨

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥

ਗੁਰ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥੫॥

ਅਰਥ:- ਬਾਣੀ ਤਾਂ ਗੁਰੂ ਰੂਪ ਹੈ ਅਤੇ ਗੁਰੂ ਬਾਣੀ ਰੂਪ ਹਨ, ਗੁਰਬਾਣੀ ਦੇ ਵਿਚ ਹੀ ਸਾਰੇ ਅੰਮ੍ਰਿਤ ਹਨ। ਜੋ ਗੁਰਬਾਣੀ ਕਹਿੰਦੀ ਹੈ ਉਸਨੂੰ ਜੇਕਰ ਸੇਵਕ ਜਨ ਸੱਤ ਸੱਤ ਕਰਕੇ ਮੰਨ ਲਵੇ, ਤਾਂ ਗੁਰੂ ਸਾਹਿਬ ਜੀ ਪ੍ਰਤੱਖ ਹੋ ਕੇ ਉਸ ਸੇਵਕ ਜਨ ਨੂੰ ਤਾਰਦੇ ਹਨ॥੫॥

ਪਰ ਸੇਵਕਾਂ ਨੂੰ ਗੁਰੂ ਜੀ ਦੀ ਗੁਰਬਾਣੀ ਤੇ ਕੋਈ ਕਿੰਤੂ ਪ੍ਰੰਤੂ ਕਰਨ ਦਾ ਹੱਕ ਨਹੀਂ ਪਰ ਅੱਜ ਕੱਲ ਗੁਰੂ ਨਾਨਕ ਦੇਵ ਜੀ ਦੇ ਬਚਨਾਂ ਨੂੰ ਪੜ੍ਹਕੇ ਨੱਕ ਜਿਹਾ ਚੜ੍ਹਾਂਦੇ ਹਨ, ਕੇ ਗੁਰੂ ਜੀ ਨੇ ਇਹ ਬ੍ਰਹਮਾ, ਵਿਸ਼ਨੂੰ, ਸ਼ਿਵਜੀ, ਸਤਾਈ ਸਿਮ੍ਰਿਤੀਆਂ, ਛੇ ਸ਼ਾਸਤ੍ਰਾਂ, ਚਾਰੇ ਬੇਦਾਂ, ਬ੍ਰਹਮੇ ਦੇ ਪੁੱਤ, ਨਾਰਦ ਮੁਨੀ, ਵੇਦ ਵਿਆਸ ਆਦਿਕ ਦੀ ਸਿਫ਼ਤ ਨਹੀਂ ਕਰਨੀ ਚਾਹੀਦੀ। ਜਿਥੇ ਉਹਨਾਂ 'ਤੇ ਨੱਕ ਚੜ੍ਹਾਂਦੇ ਹਨ, ਉਥੇ ਗੁਰੂ 'ਤੇ ਵੀ ਕਿੰਤੂ ਕਰਦੇ ਹਨ। ਇਕ ਪਾਸੇ ਅਸੀਂ ਪਰਚਾਰਕਾਂ ਤੋਂ ਸੁਣਦੇ ਹਾਂ ਕਿ ਗੁਰੂ ਨਾਨਕ ਦੇਵ ਜੀ ਦੇ ਪੁੱਤਰਾਂ ਨੇ ਹੁਕਮ ਦੀ ਪਾਲਣਾ ਨਹੀਂ ਕੀਤੀ। ਭਾਈ ਲਹਿਣਾ ਜੀ ਨੇ ਸੱਤ-ਸੱਤ ਕਹਿਕੇ ਹਰਿ ਹੁਕਮੁ ਮੰਨਿਆ ਤਾਂ ਦੂਸਰੇ ਗੁਰੂ ਨਾਨਕ ਦੀ ਪਦਵੀ ਮਿਲ ਗਈ। ਅਫਸੋਸ ਹੈ ਫੇਰ ਅਸੀਂ ਕਿੰਤੂ ਕਰੀ ਜਾਂਦੇ ਹਾਂ, ਫੇਰ ਕਿੰਤੂ ਵਾਲੇ ਨੂੰ ਲੱਸੀ ਮਿਲੇਗੀ, ਹੁਕਮ ਮੰਨਣ ਵਾਲੇ ਮੱਖਣ ਖਾਣਗੇ ਭਾਵ ਗੁਰੂ ਜੀ ਤੋਂ ਅਸੀਸਾਂ ਲੈਣਗੇ ਲੋਕ ਪ੍ਰਲੋਕ ਦੇ ਸੁਖ ਮਿਲਣਗੇ।

ਸਲੋਕ ਮ: ੩॥

ਬਾਬਾਣੀਆਂ ਕਹਾਣੀਆਂ ਪੁਤ ਸਪੁਤ ਕਰੇਨਿ॥ ਜੇ ਸਤਿਗੁਰ ਭਾਵੈ ਸੁ ਮੰਨਿ ਲੈਨਿ ਸੋਈ ਕਰਮ ਕਰੇਨਿ॥

ਅਰਥ:- ਬਾਬਾਣੀਆਂ= ਬਾਬੇ ਗੁਰੂ ਨਾਨਕ ਦੇਵ ਜੀ ਦੀਆਂ ਕਹਾਣੀਆਂ=ਕਥਾ ਨੂੰ ਨੇਕ ਸਪੁਤ, ਪੁੱਤਰ ਉੱਤਮ ਅਧਿਕਾਰੀ ਕਰਦੇ ਹਨ। ਜਿਹੜਾ ਬਚਨ ਗੁਰਾਂ ਨੂੰ ਭਾਂਵਦਾ ਹੈ, ਉਹ ਬਚਨ ਨੇਕ ਗੁਰਸਿੱਖ ਮੰਨ ਲੈਂਦੇ ਹਨ। ਗੁਰੂ ਜੀ ਕਥਨ ਕਰਦੇ ਹਨ ਕੇ ਭਾਵੇਂ ਵੇਦ ਸਾਸਤ੍ਰਾਂ ਨੂੰ ਪੜ੍ਹਕੇ ਦੇਖ ਲਵੋ ਉਹ ਵੀ ਇਹ ਹੀ ਬਚਨ ਕਹਿੰਦੇ ਹਨ। ਪੂਜਨੀਕ ਗੁਰੂ ਦੇਵ ਜੀ ਦੇ ਬਚਨਾਂ 'ਤੇ ਪਹਿਰਾ ਦੇ ਕੇ ਗੁਰਉਪਦੇਸ਼=ਨਾਮੁ ਦੀ ਕਮਾਈ ਕਰਕੇ ਸੁਖ ਦੀ ਪ੍ਰਾਪਤੀ ਹੋਵੇਗੀ। ਕਿੰਤੂ ਕਰਕੇ ਤਾਂ ਨਰਕ ਹੈ।

ਪੰਨਾ ੯੫੧=ਜਾਇ ਪੁਛਹੁ ਸਿਮ੍ਰਿਤਿ ਸਾਸਤ ਬਿਆਸ, ਸੁਕ ਨਾਰਦ ਬਚਨ ਸਭ ਸ੍ਰਿਸ਼ਟਿ ਕਰੇਨਿ॥

ਅਰਥ:- ਸਿਮ੍ਰਿਤੀਆਂ, ਸਾਸਤ੍ਰਾਂ ਨੂੰ ਪੜ੍ਹਕੇ ਦੇਖੋ ਤੇ ਵਿਆਸ ਜੀ, ਨਾਰਦ ਜੀ, ਆਦਿਕ ਪਾਸੋਂ ਪੁਛਹੁ ਸਾਰੇ ਹੀ ਸ੍ਰੇਸ਼ਟ ਬਚਨ ਉਚਾਰਦੇ ਹਨ। ਇਨ੍ਹਾਂ ਸ਼ਬਦਾਂ ਨੂੰ ਪੜ੍ਹਕੇ ਸਾਨੂੰ ਗੁਰੂ ਜੀ ਦੇ ਬਚਨਾਂ 'ਤੇ ਪਹਿਰਾ ਦੇਣਾ ਚਾਹੀਦਾ ਹੈ, ਗੁਰੂ ਜੀ ਕਹਿੰਦੇ ਹਨ, ਇਹ ਗ੍ਰੰਥ ਸ਼੍ਰੇਸ਼ਿਟ ਬਚਨ ਉਚਾਰਦੇ ਹਨ, ਪਰ ਸਾਡੇ ਬਲਾਰੇ ਗੁਰੂ ਜੀ ਦੇ ਹੁਕਮਾਂ ਦੇ ਉਲਟ ਵੇਦਾਂ, ਸਾਸਤ੍ਰਾਂ, ਸਿਮ੍ਰਿਤੀਆਂ ਦੇ ਖਿਲਾਫ ਊਲ ਜਲੂਲ ਬੋਲਦੇ ਹਨ ਅਤੇ ਇਹਨਾਂ ਸ਼ਬਦਾਂ ਦੀ ਵਿਆਖਿਆ ਕਦੇ ਵੀ ਨਹੀਂ ਕਰਦੇ। ਕਹਿੰਦੇ ਇਹ ਤਾਂ ਹਿੰਦੂਆਂ ਦੇ ਗ੍ਰੰਥ ਹਨ, ਤੁਹਾਡੇ ਕਹਿਣ ਤੋਂ ਭਾਵ ਕੇ ਗੁਰੂ ਜੀ ਇਆਣੇ ਸਨ, ਤੁਹਾਨੂੰ ਗੁਰੂ ਜੀ ਨਾਲੋਂ ਜ਼ਿਆਦਾ ਗਿਆਨ ਹੈ! ਗੁਰਮੁਖ ਪਿਆਰਿਓ ਗੁਰੂ ਦੇ ਬਚਨਾਂ ਦਾ ਨਿਰਾਦਰ ਕਰਕੇ ਅੱਜ ਤੱਕ ਕਿਸੇ ਨੂੰ ਸੁੱਖ ਦੀ ਪ੍ਰਾਪਤੀ ਨਹੀਂ ਹੋਈ, ਤਾਂ ਹੀ ਗੁਰੂ ਜੀ ਨੇ ਕਿਹਾ ਹੈ ਕਿ ਸਾਡੇ ਬਚਨ ਕੋਈ ਵਿਰਲਾ ਮੰਨਦਾ ਹੈ।

ਗੂਜਰੀ ਮ: ੫ ਕੋਟਿ ਮਧੇ ਕੋ ਵਿਰਲਾ ਸੇਵਕੁ ਹੋਰਿ ਸਗਲੇ ਬਿਉਹਾਰੀ॥੧॥ ਰਹਾਉ॥

ਸਾਸਤ ਬੇਦ ਸਿਮ੍ਰਿਤਿ ਸਭਿ ਸੋਧੇ ਸਭ ਏਕਾ ਬਾਤ ਪੁਕਾਰੀ॥

ਬਿਨੁ ਗੁਰ ਮੁਕਤਿ ਨ ਕਊ ਪਾਵੈ ਮਨਿ ਵੇਖਹੁ ਕਰਿ ਬੀਚਾਰੀ॥੨॥

(ਪੰਨਾ ੪੯੫)

ਅਰਥ:- ਕ੍ਰੋੜਾਂ ਚੋਂ ਇਕ ਕੋਈ ਵਿਰਲਾ ਪ੍ਰਭੂ ਦੇ ਚਰਨਾਂ ਦੀ ਪ੍ਰੀਤੀ ਦਾ ਚਾਹਵਾਨ ਹੁੰਦਾ ਹੈ ਬਾਕੀ ਸਭ ਵਿਹਾਰਾਂ ਲਈ ਪਦਾਰਥਾਂ ਲਈ ਫਿਰਦੇ ਹਨ। ਸਾਰੇ ਪਿੱਛੇ ਲਿਖੇ ਗ੍ਰੰਥ ਇਕੋ ਗੱਲ ਕਹਿੰਦੇ ਹਨ, ਕਿ ਪੂਰੇ ਗੁਰੂ ਤੋਂ ਬਿਨਾਂ ਅੱਜ ਤੱਕ ਕਿਸੇ ਨੇ ਮੁਕਤੀ ਨਹੀਂ ਪਾਈ। ਗੁਰੂ ਧਾਰਨ ਕਰੋ, ਸਿੰਘ ਸਜੋ, ਗੁਰੂ ਗ੍ਰੰਥ ਸਾਹਿਬ ਜੀ ਦੇ ਬਚਨ ਮੰਨੋ। ਗੁਰੂ ਗ੍ਰੰਥ ਸਾਹਿਬ ਵਿਚ ਜੋ ਵੀ ਲਿਖਿਆ ਹੈ ਇਹ ਧੁਰ ਕੀ ਬਾਣੀ ਹੈ, ਹੈਰਾਨੀ ਦੀ ਗੱਲ ਹੈ ਕਿ ਅੱਜ ਗੁਰੂ ਗ੍ਰੰਥ ਸਾਹਿਬ ਦਾ ਪ੍ਰਚਾਰਕ ਡਾਲਰ ਲੈਣ ਵਾਸਤੇ ਧੁਰ ਕੀ ਬਾਣੀ ਕਹਿੰਦਾ ਹੈ, ਪਰ ਉਸੇ ਸਮੇਂ ਚੰਦ ਮਿੰਟਾਂ ਵਿਚ ਵੇਦਾਂ, ਸਾਸਤ੍ਰਾਂ, ਸਾਧੂਆਂ, ਸੰਤਾਂ ਪ੍ਰਤੀ ਗਾਲੀ ਗਲੋਚ 'ਤੇ ਉਤਰ ਆਉਂਦਾ ਹੈ। ਹਾਲਾਂਕਿ ਗੁਰੂ ਜੀ ਲਿਖਦੇ ਹਨ, ਇਹ ਗ੍ਰੰਥ ਵੀ ਜੂਨੀਆਂ ਤੋਂ ਛੁਟਕਾਰਾ ਪਾਉਣ ਲਈ ਉਹੀ ਇਕੋ ਗੱਲ ਕਹਿੰਦੇ ਹਨ, ਜੋ ਅਸੀਂ ਕਹਿੰਦੇ ਹਾਂ। ਗੁਰੂ ਜੀ ਕਲਜੁਗੀ ਜੀਵਾਂ ਦੀਆਂ ਕਾਲੀਆਂ ਕਰਤੂਤਾਂ ਦਸਦੇ ਹਨ।

(ਪੰਨਾ ੧੨੪੨) ਸਲੋਕ ਮ: ੧॥

ਕਲਿ ਹੋਈ ਕੁਤੇ ਮੁਹੀ ਖਾਜੁ ਹੋਆ ਮੁਰਦਾਰੁ॥

ਕੂੜ ਬੋਲਿ ਬੋਲਿ ਭਉਕਣਾ ਚੂਕਾ ਧਰਮੁ ਬੀਚਾਰੁ॥

ਅਰਥ:- ਕਲਜੁਗੀ ਜੀਵਾਂ ਦਾ ਮੱਤ ਬੁੱਧ ਕੁੱਤੇ ਮੁਹੀ= ਅਪਵਿੱਤਰ ਲੋਭੀ ਹੈ, ਪਰਾਇਆ ਹੱਕ ਮੁਰਦਾਰ=ਮੁਰਦੇ ਜੈਸਾ ਖਾਣਾ ਹੈ। ਜਿਵੇਂ ਕੁੱਤਾ ਭਉਂਕਦਾ ਹੈ ਤਿਵੇਂ ਲੋਭੀ ਅਤੇ ਝੂਠੇ ਪੁਰਸ਼ਾਂ ਦਾ ਭੌਂਕਣਾ ਹੈ ਅਤੇ ਧਰਮ ਦਾ ਤਾਂ ਵਿਚਾਰ ਹੀ ਛੱਡ ਗਏ ਹਨ। ਦਾਸ, ਸਾਧ ਸੰਗਤਿ ਗੁਰੂ ਨਾਨਕ ਨਾਮੁ ਲੇਵਾ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਕਰਦਾ ਹੈ ਨਿੰਦਿਆ, ਈਰਖਾ, ਦ੍ਵੈਸ਼ ਭਾਵ ਵਾਲੇ ਪਰਚਾਰਕ ਨੂੰ ਸੁਣਨ ਤੋਂ ਗੁਰੇਜ਼ ਕੀਤਾ ਜਾਵੇ ਤਾਂ ਚੰਗੀ ਗੱਲ ਹੈ, ਜੋ ਗੁਰੂ ਗ੍ਰੰਥ ਦੇ ਸਿਧਾਂਤ ਤੋਂ ਬਾਹਰ ਜਾ ਕੇ ਸੰਗਤਾਂ ਨੂੰ ਗੁੰਮਰਾਹ ਕਰਦਾ ਹੈ, ਸਹੀ ਸਿਧਾਂਤ ਵਾਲੇ ਨੂੰ ਹੀ ਸੁਣੋ।

ਸਲੋਕ ਮਹਲਾ ੩॥ (ਪੰਨਾ ੧੪੧੫)

ਕੂੜੁ ਬੋਲਿ ਬੋਲਿ ਨਿਤ ਭਉਂਕਦੇ ਬਿਖੁ ਖਾਧੇ ਦੂਜੈ ਭਾਇ॥

ਬਿਖੁ ਮਾਇਆ ਕਾਰਣਿ ਭਰਮਦੇ ਫਿਰਿ ਘਰਿ ਘਰਿ ਪਤਿ ਗਵਾਇ॥

ਅਰਥ:- ਉਹ ਪੁਰਸ਼ ਕੂੜ= ਝੂਠ ਬੋਲਕੇ ਨਿਤਾਪ੍ਰਤੀ ਕੁੱਤੇ ਵਾਂਗ ਭੌਂਕਦੇ ਹਨ, ਉਹ ਪੁਰਸ਼ ਦੂਜੈ ਭਾਇ=ਦ੍ਵੈਤ ਭਾਵਨਾ ਵਾਲੀ ਬੋਲੀ ਬੋਲਕੇ, ਬਿਖੁ=ਵਿਹੁ ਖਾਂਦੇ ਹਨ। ਉਹ ਮਨਮੁਖ ਹਨ, ਗੁਰਮੁਖ ਨਹੀਂ ਭਾਵੇਂ ਲਿਬਾਸ ਗੁਰਮੁਖਾਂ ਵਾਲਾ ਹੀ ਹੋਵੇ, ਪਰ ਦੁਨੀਆਂ ਖਾਈਏ ਮੱਕਰ ਸੇ, ਰੋਟੀ ਖਾਈਏ ਸ਼ੱਕਰ ਸੇ। ਉਹ ਮਨਮੁਖ ਮਾਇਆ ਦੀ ਪ੍ਰਾਪਤੀ ਲਈ ਭੌਂਕਦੇ ਰਹਿੰਦੇ ਹਨ। ਇਸ ਲਈ ਉਹ ਘਰ-ਘਰ ਫਿਰ ਤੁਰ ਕੇ ਆਪਣੀ ਪੱਤ ਇੱਜ਼ਤ ਗਵਾ ਲੈਂਦੇ ਹਨ। ਉਤੇ ਲਿਖੇ ਗੁਰੂ ਜੀ ਦੇ ਬਚਨਾਂ 'ਤੇ ਪਹਿਰਾ ਦੇਵੋ, ਅਤੇ ਵਾਹਿਗੁਰੂ ਦਾ ਸਿਮਰਨ ਸਾਸ ਸਾਸ ਕਰੋ ਜੀ।

ਹੁਣ ਆਪਾਂ ਗੁਰੂ ਜੀ ਨੂੰ ਪੁੱਛਦੇ ਹਾਂ ਕਿ ਅਸੀਂ ਕੈਸੇ ਪਰਚਾਰਕ ਨੂੰ ਸੁਣੀਏ।

ਮ: ੫॥ ਸੋ ਪੰਡਿਤੁ ਜੋ ਮਨ ਪਰਬੋਧੈ॥

ਰਾਮ ਨਾਮੁ ਆਤਮ ਮਹਿ ਸੋਧੈ॥ ਰਾਮ ਨਾਮੁ ਸਾਰ ਰਸੁ ਪੀਵੈ॥

ਉਸ ਪੰਡਿਤ ਕੈ ਉਪਦੇਸਿ ਜਗੁ ਜੀਵੈ॥

ਹਰਿ ਕੀ ਕਥਾ ਹਿਰਦੈ ਬਸਾਵੈ॥ ਸੋ ਪੰਡਿਤੁ ਫਿਰਿ ਜੋਨਿ ਨ ਆਵੈ॥

ਬੇਦ ਪੁਰਾਨ ਸਿਮ੍ਰਿਤਿ ਬੂਝੈ ਮੂਲ॥ ਸੂਖਮ ਮਹਿ ਜਾਨੈ ਅਸਥੂਲੁ॥

ਚਹੁ ਵਰਨਾ ਕਉ ਦੇ ਉਪਦੇਸੁ॥ ਨਾਨਕ ਉਸੁ ਪੰਡਿਤ ਕਉ ਸਦਾ ਅਦੇਸੁ॥੪॥

(ਪੰਨਾ ੨੭੪)

ਅਰਥ:- ਜੋ ਪੰਡਿਤ=ਵਿਦਵਾਨ ਚਾਰ ਵੇਦ, ਅਠਾਰਾਂ ਪੁਰਾਣ, ਸਤਾਈ ਸਿਮ੍ਰਿਤੀਆਂ ਦੇ ਮੂਲ ਸਿਧਾਂਤ (ਪਰਮ-ਾਤਮਾ) ਨੂੰ ਬੁੱਝਦਾ ਹੈ ਅਤੇ ਸੂਖਮ ਸਰੂਪ ਵਿਚ ਸਾਰੇ ਅਸਥੂਲ ਬ੍ਰਹਮੰਡ ਨੂੰ ਕਲਪਤ ਜਾਣਦਾ ਹੋਵੇ। ਖਤ੍ਰੀ, ਬ੍ਰਾਹਮਣ, ਸ਼ੂਦਰ, ਵੈਸ਼, ਚਾਰਾਂ ਹੀ ਵਰਨਾਂ ਨੂੰ ਪ੍ਰੇਮ ਨਾਲ ਸਾਂਝਾ ਉਪਦੇਸ਼ ਦਿੰਦਾ ਹੈ। ਗੁਰੂ ਜੀ ਕਹਿੰਦੇ ਹਨ-ਅਸੀਂ ਉਸ ਪੰਡਿਤ=ਵਿਦਵਾਨ ਬੁਲਾਰੇ ਨੂੰ ਸਦਾ ਹੀ ਨਮਸਕਾਰ ਕਰਦੇ ਹਾਂ॥੪॥ ਇਹੋਂ ਜੇਹੇ ਉੱਪਰ ਲਿਖੇ ਗੁਣਾਂ ਵਾਲੇ ਕਥਾ-ਵਾਚਕ ਨੂੰ ਦਾਨ ਦੇਵੋ, ਬਹੁਤ ਫਲੀਭੂਤ ਹੋਵੇਗਾ ਤੁਹਾਡਾ ਦਾਨ। ਕਿਸੇ ਊਣੇ ਭਾਂਡੇ ਜੈਸੇ ਭੇਖੀ ਪੁਰਖ ਨੂੰ ਦਾਨ ਦਿਤਾ ਕਥਾਏਂ ਜਾਂਦਾ ਹੈ। ਅਗਰ ਭੇਖੀ ਪਾਖੰਡੀ ਵਿਦਵਾਨ ਸੱਪ ਦੀ ਜੂਨੀ ਵਿਚ ਜਾਵੇ ਤਾਂ ਦਾਨ ਦੇਣ ਵਾਲੇ ਕੀੜੀਆਂ ਬਣਕੇ ਉਸਦਾ ਮਾਸ ਖਾਕੇ ਆਪਣੇ ਦਾਨ ਦਾ ਲੇਖਾ ਚੁਕਾਉਂਦੇ ਹਨ।

(ਪੰਨਾ ੪੧੯) ਕਲਰਿ ਖੇਤੀ ਬੀਜੀਐ ਕਿਉ ਲਾਹਾ ਪਾਵੈ॥

ਮਨਮੁਖੁ ਸਚਿ ਨ ਭੀਜਈ ਕੂੜੁ ਕੂੜਿ ਗਡਾਵੈ॥੪॥

ਦਾਸ ਹੋਈਆਂ ਭੁੱਲਾਂ ਦੀ ਮਾਫੀ ਚਾਹੁੰਦਾ ਹੈ ਜੀ। ਤੁਹਾਡੀਆਂ ਕਾਲਾਂ ਆਉਣ ਤੇ ਧੰਨਵਾਦ।


Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Natasha Mahal Co-Host
Cell:416-587-5520
Email: iqbalmahal46@gmail.com
Iqbal Mahal Producer & Host
Serving the South Asian Community Since 1976

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
ਟਰੱਕ ਡਰਾਈਵਿੰਗ ਦੀ ਟ੍ਰੇਨਿੰਗ ਹਰ ਰੋਜ ਦਿਤੀ ਜਾਂਦੀ ਹੈ
Open Seven Days
AZ Tractor trailer program
Manual transmission & backup training everyday
We welcome welfare workers & compensation clients
Forklift Re-Certification Only $69.00/-
Karnail Singh
416.670.3173 | 905.799.7333
27 Edvac Dr, Brampton, ON L6S 5X8

SAMOSA AND SWEET FACTORY
apna taste
TEEYAN ਦਾ ਮੇਲਾ
12th May, 2019 Sunday
CAA Centre Brampton
(FORMERLY KNOWN AS POWERADE CENTRE)
Sukhi Nijjar
905-799-0999

Tri-City Professional Realty Inc., Brokerage
Number 1 Tri-City agent in Canada on basis of sales volume 2015
ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
Free Evaluation of your Property
Special Packages for First Time Buyer
Arrangement of Low Mortgage rate Lawyer
Arrangement of Home Inspection
ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777
31 Melanie Dr. Unit #4 Brampton, ON L6T 5H8
Avtar Singh Tiwana
Sales Rep.

FOR SALE — Photo Not Available — $129,900 — Darcel/Brandon Gate
ਬਹੁਤ ਹੀ ਵਧੀਆ ਲੋਕੇਸ਼ਨ ਤੇ, ਵੈਸਟ ਵੁਡ ਮਾਲ ਵਿੱਚ ਕਾਂਡੋ ਯੂਨਿਟ ਸੇਲ ਲਈ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ਤੇ ਰੈਂਟ ਬਚਾਓ।

FOR SALE — $969,900 — Sandalwood/ Sunny Meadow
5 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਦੇ ਡਿਟੈਚਡ ਘਰ ਨੂੰ 2 ਬੈਡਰੂਮ ਫੀਨਿਸ਼ਡ ਬੈਸਮੈਂਟ। ਸੇਪਰੇਟ ਲਿਵਿੰਗ ਤੇ ਡਾਇਨਿੰਗ ਰੂਮ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬਸਾਂ ਆਦਿ ਦੇ ਨੇੜੇ।

FOR SALE — $799,900 — Chinguacousy/Sandalwood
5 ਬੈਡਰੂਮ + 3 ਵਾਸ਼ਰੂਮ ਦਾ ਬਹੁਤ ਹੀ ਸੋਹਣਾ ਸੈਮੀ ਡੀਟੈਚਡ, ਡਬਲ ਸਟੋਰੀ ਘਰ, ਹਾਰਡਵੁਡ ਫਲੋਰ, ਡਬਲ ਡੋਰ ਗਰਾਜ, ਸਕੂਲ, ਬੱਸ ਸਟਾਪ, ਜਿਮ ਆਦਿ ਸਹੂਲਤਾਂ ਦੇ ਨੇੜੇ।

FOR SALE — $3,249,000 — Niagara Falls Ontario
ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋਂ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।




ਖਾਲਸਾ ਜੀ ਦੇ ਬੋਲਬਾਲੇ ਅਤੇ ਸਿੱਖ ਕੌਮ ਦੀ ਚੜ੍ਹਦੀ ਕਲਾ ਦੇ ਪ੍ਰਤੀਕ ਖਾਲਸਾ ਸਾਜਨਾ ਦਿਵਸ ਦੇ ਸੰਬੰਧ ਵਿੱਚ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਓਨਟਾਰੀਓ ਸਿੱਖਸ ਅਤੇ ਗੁਰਦੁਆਰਾ ਵੱਲੋਂ ਮਹਾਨ ਨਗਰ ਕੀਰਤਨ 28 ਅਪ੍ਰੈਲ ਦਿਨ ਐਤਵਾਰ ਨੂੰ ਟੋਰਾਂਟੋ ਡਾਊਨਟਾਊਨ ਵਿਖੇ ਆਯੋਜਿਤ ਕੀਤਾ ਜਾ ਰਿਹਾ ਹੈ।

# 320th KHALSA Sajna Divas

## 28th APRIL, 2019

*(DOWNTOWN TORONTO)*

## PROGRAMME
## ਪ੍ਰੋਗਰਾਮ


9:00 am to 12.30 pm
ਦੀਵਾਨ ਦਾ ਆਰੰਭ ਦੁਨੀਆਂ ਭਰ ਤੋਂ ਆਏ ਰਾਗੀ, ਢਾਡੀ ਅਤੇ ਕਥਾ ਵਾਚਕਾਂ ਵੱਲੋਂ ਕੀਤਾ ਜਾਵੇਗਾ
Start of Kirtan by Ragis, Dhadi Jathas from around the world at Better Living Centre, CNE Ground

12:00 noon - 12.30 pm
Anand Sahib, ਅਨੰਦ ਸਾਹਿਬ
Ardas, ਅਰਦਾਸ

1:00 pm
Start of Nagar Kirtan, ਨਗਰ ਕੀਰਤਨ ਦਾ ਅਰੰਭ

3:00 pm - 5:00 pm
Speakers at City Hall, ਸਿਟੀ ਹਾਲ ਵਿੱਚ ਸੰਦੇਸ਼
Closing, ਸਮਾਪਤੀ

Sikh Heritage Month




## Parade Route

From Better Living Centre to Lakeshore Blvd. to York St. then go north on University Ave. to City Hall


## Parking:

We recommend you drop your family at **Better Living Centre** and then the driver goes to City Hall to park and take the shuttle from 9:30am to 11:00am

1) **Better Living Centre** parking
2) City Hall underground parking

### Toronto Nagar Kirtan Bus Information

Sunday, April 28, 2019




**1** Shuttle Bus to CNE — Armoury St. & Chestnut St. — 9:30am-11:00am / 4:00pm - 6:00pm
**2** Burlington — 2400 Guelph Line (No Frills) — 9:00am-9:30am / 4:00pm - 6:00pm
**3** Scarborough — 905 Middleeld Road — 8:00am-10:00am / 4:00pm - 6:00pm
**3B** Ajax/Pickering — 1899 Brock Road, Pickering — 9:30am / 5:00pm
**3C** Durham Region — 1410 Stevenson Rd. N, Oshawa — 9:30am / 5:00pm
**4** Dixie — 7080 Dixie Road (at Derry Rd.) — 9:00am-10:00am / 4:00pm-6:00pm
**6** North York — 140 Rivalda Rd. (Ramgarhia Gurd.) — 9:30am-10:00am / 4:00pm-5:00pm
**7** Old Weston — 1615 Dundas St. (at Thickson Rd.) — 9:30am / 5:00pm
**8** Rexdale Singh Sabha — 47 Baywood Dr. — 9:30am-10:00am / 4:00pm-6:00pm
**8C** Sikh Spiritual Centre — 9 Carrier Dr. — 9:30am-10:00am / 4:00pm-5:00pm
**9** Dasmesh Darbar — 4525 Ebenezer Rd. (at Gore Rd.) — 9:30am-10:00am / 4:00pm-6:00pm
**9A** Sikh Heritage Centre — 11796 Airport Rd (at Mayeld Rd.) — 9:00am-9:30am / 4:00pm-6:00pm
**10** Guru Nanak Mission — Peter Robertson Rd. & Dixie Rd. — 9:30am-10:00am / 4:00pm-6:00pm
**10C** Nanaksar Gurdwara — McLaughlin Rd. & Ray Lawson Blvd. — 9:15am-10:00am / 4:00pm-5:00pm
**11** Out of Town Buses — Barrie, Guelph, Hamilton Kitchener, and other cities

Seniors or those with small children are asked to come at 4pm and catch the rst buses going back to the Gurdwaras, and thereby avoid the congestion.

Questions?
416-873-4507
mail@ggscf.com
Please ask for assistance from volunteers of the Guru Gobind Singh Children's Foundation

**Bus information- CHANGES FROM LAST YEAR**
**ਬਸਾਂ ਬਾਰੇ ਜਾਣਕਾਰੀ – ਪਿਛਲੇ ਸਾਲਾਂ ਨਾਲੋਂ ਤਬਦੀਲੀ**

| ROUTE | | Service Changes |
|---|---|---|
| 9 | Gurdwara Dashmesh Darbar<br>ਗੁਰਦਵਾਰਾ ਦਸਮੇਸ਼ ਦਰਬਾਰ | There are no service changes to this location |
| 9A | Sikh Heritage Centre<br>ਸਿਖ ਹੈਰਿਟੇਜ ਸੈਂਟਰ<br>For more info: 416-873-4507 | In Morning Sangat from these locations will take a shuttle bus to Gurdwara Dashmesh Darbar, where they will then board Route 9 busses taking them to the CNE, In evening, they will take Route 9 Buses back to Gurdwara Dashmesh Darbar, followed by a shuttle to Sikh Heritage Centre<br>ਸਵੇਰ ਵੇਲੇ ਸ਼ਟਲ ਬੱਸਾਂ ਇਸ ਜਗਹ ਤੋਂ ਗੁਰਦਵਾਰਾ ਦਸਮੇਸ਼ ਦਰਬਾਰ ਜਾਣਗੀਆਂ। ਉੱਥੋਂ ਹੋਰ ਬਸਾਂ ਡਾਊਨਟਾਊਨ ਜਾਣਗੀਆਂ । ਇਸੇ ਤਰਾਂ ਸ਼ਾਮ ਵੇਲੇ ਵਾਪਸ ਗੁਰਦਵਾਰਾ ਦਸਮੇਸ਼ ਦਰਬਾਰ ਆਕੇ ਸ਼ਟਲ ਬੱਸਾਂ ਰਾਹੀਂ ਸਿਖ ਹੈਰਿਟੇਜ ਸੈਂਟਰ ਤੇ ਵਾਪਸ ਆਉਣਾ ਹੈ । |

## T.T.C. Info: (416) 393-4636

1) T.T.C route No 29 South from Wilson subway goes via Duerin subway to CNE South to CNE Grounds
2)From Dufferin subway take route No 29 South to CNE grounds *(transfer will be required).*
1) ਟੀ ਟੀ ਸੀ ਰੂਟ ਨੰ 29 ਸਾਊਥ (ਵਿਲਸਨ ਸਬਵੇ ਅਤੇ ਡਫਰਿਨ ਸਬਵੇ ਤੋਂ ਸੀ ਐਨ ਈ ਗਰਾਊਂਡ)



# BUS INFORMATION: 416-873-4507

For More Information Please contact

Gobinder S Randhawa 416.857.5196 ,Gurjant Singh 519.572.3855, Inderdeep Singh Sidhu 416.835.6355, Ranjit S Sandhu 416.520.7499, Dalip Singh Multani 519.753.2626, Kultar Singh Gill 416.676.8820, ManjitSingh Parmar 416.524.7330, Bhupinder Singh Ubbi 416.726.7388



